
# ਅੰਮ੍ਰਿਤ ਕੀਰਤਨ



ਗੁਰਪੁਰਬ ਦੀ ਲੱਖ ਲੱਖ ਵਧਾਈ

# AMRIT KIRTAN

*Wish you a very Happy & Prosperous New Year*

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਜਨਵਰੀ 2004

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 1 ◆ ਸਾਲ ਸੋਲਵਾਂ ◆ ਜਨਵਰੀ 2004



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

1246/1, ਸੈਕਟਰ 22-ਬੀ, ਚੰਡੀਗੜ੍ਹ 160 022

ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660

e-mail : drjagirsingh@rediffmail.com

Website : www.amritkirtan.org



ਮਿਤ੍ਰ ਅਸਾਡੜੇ ਸੇਈ 2
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ 4
*ਸੰਪਾਦਕੀ*

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ 5
*ਰਮੇਸ਼ ਸਿੰਘ*

ਸੰਗੀਤ ਸਾਧਨਾ 10
*ਕਮਲੇਸ਼ ਸ਼ਰਮਾ*

ਗੁਰੂ ਘਰ ਦੇ ਪੁਰਾਤਨ ਰਬਾਬੀ ਤੇ ਰਾਗੀ 12
*ਜਗਤੇਸ਼ਵਰ ਸਿੰਘ*

ਨਿਪੁਣ ਰਾਗੀ ਭਾਈ ਸੰਤੋਖ ਸਿੰਘ ਜੀ 17
*ਡਾ. ਜਾਗੀਰ ਸਿੰਘ*

ਜ਼ਫ਼ਰਨਾਮੇ ਦੇ ਪ੍ਰਛਾਵਿਆਂ ਹੇਠ 19
*ਡਾ. ਜਸਬੀਰ ਸਿੰਘ ਸਰਨਾ*

ਕੈਸਟ ਸਮੀਖਿਆ 20
*ਭਾਈ ਅਵਤਾਰ ਸਿੰਘ ਹੰਸ*

Music in Sikhism 21
*R.M. Chopra*

Nanakshahi Calender 23
*Courtesy : Gurdwara Gazette*

ਸੁਰ ਲਿਪੀਆਂ 25
*ਗਿਆਨ ਸਿੰਘ ਐਬਟਾਬਾਦ*

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 27
*ਮਨਮੋਹਨ ਸਿੰਘ*



**Title Designed by Ajay Yashpaul**

# 3092, Sector 37-D, Chd. Mb: 9815481273, 2694607 (R)

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING

sohal specials

Designers & Printers

Phone: 0172 - 5091443

# ਮਿਤ੍ਰ ਅਸਾਂਡੜੇ ਸੇਈ

♦ 'ਅੰਮ੍ਰਿਤ ਕੀਰਤਨ' ਦਾ ਅਕੂਤਬਰ 2003 ਦਾ ਅੰਕ ਪੜ੍ਹਿਆ। ਇਹ ਮੈਗਜ਼ੀਨ ਪਹਿਲੀ ਦਫਾ ਪੜ੍ਹਨ ਦਾ ਸੁਭਾਗ ਮਿਲਿਆ। ਮੈਗਜ਼ੀਨ ਦਾ ਸਾਰਾ ਹੀ ਮੈਟਰ ਬੜਾ ਵਧੀਆ ਤੇ ਜਾਣਕਾਰੀ ਭਰਪੂਰ ਸੀ। ਸਾਡੇ ਕੀਰਤਨੀਏ ਸਿਰਲੇਖ ਹੇਠ ਗਿ. ਅਵਤਾਰ ਸਿੰਘ ਹੰਸ ਜੀ ਨੇ ਜੋ ਪੁਰਾਤਨ ਕੀਰਤਨੀਆਂ ਬਾਬਤ ਲਿਖਿਆ, ਉਹ ਲੇਖ ਬਹੁਤ ਵਧੀਆ ਸੀ। ਸੱਚ-ਮੁੱਚ ਹੀ ਹੰਸ ਜੀ ਨੇ ਇਹ ਲੇਖ ਬੜੀ ਹੀ ਖੋਜ ਕਰਕੇ ਲਿਖਿਆ ਹੈ। ਜਿਸਦੇ ਲਈ ਉਹ ਵਧਾਈ ਦੇ ਪਾਤਰ ਹਨ।

ਲਿਖਣ ਤੋਂ ਇਲਾਵਾ ਗਿ. ਅਵਤਾਰ ਸਿੰਘ ਹੰਸ ਜੀ ਗੁਰਬਾਣੀ ਕੀਰਤਨ ਅਕੈਡਮੀ ਵੀ ਚਲਾ ਰਹੇ ਹਨ ਅਤੇ ਨਾਂ ਮਾਤਰ ਭੇਟਾ ਲੈ ਕੇ ਕੀਰਤਨ ਦੀ ਅਮੋਲਕ ਦਾਤ ਬਖਸ਼ ਰਹੇ ਹਨ। ਦਾਸ ਵੀ ਉਹਨਾਂ ਕੋਲੋਂ ਕੀਰਤਨ ਦੀ ਸਿਖਲਾਈ ਲੈ ਰਿਹਾ ਹੈ। ਇਸ ਤੋਂ ਇਲਾਵਾ ਉਹ 'ਪ੍ਰਾਚੀਨ ਕਲਾ ਕੇਂਦਰ' ਰਾਹੀਂ ਕੀਰਤਨ ਦੇ ਵਿਦਿਆਰਥੀਆਂ ਦੇ ਪੇਪਰ ਵੀ ਕਰਵਾਉਂਦੇ ਹਨ।

'ਅੰਮ੍ਰਿਤ ਕੀਰਤਨ' ਦੀ ਮੈਂਬਰਸ਼ਿਪ ਵਧਾਉਣ ਵਿਚ ਵੀ ਉਹਨਾਂ ਦਾ ਯੋਗਦਾਨ ਹੈ। 'ਅੰਮ੍ਰਿਤ ਕੀਰਤਨ' ਪੜ੍ਹਨ ਲਈ ਵੀ ਉਹ ਵਿਦਿਆਰਥੀਆਂ ਨੂੰ ਪ੍ਰੇਰਦੇ ਰਹਿੰਦੇ ਹਨ।

ਆਸ ਕਰਦੇ ਹਾਂ ਕਿ ਆਪ ਜੀ ਮੈਗਜੀਨ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਆਪਣੀ ਮਿਹਨਤ ਨੂੰ ਹੋਰ ਵਧਾਉਣਗੇ।

*- ਬਿੰਦਰ ਸਿੰਘ ਲੱਡਾ*

*ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ*

♦ ਸਭ ਤੋਂ ਪਹਿਲਾਂ ਆਪ ਜੀ ਦੁਆਰਾ ਸ਼ੁਰੂ ਕੀਤੇ ਹੋਏ ਇਸ ਛੋਟੇ ਜਿਹੇ ਪਰ ਵਡਮੁੱਲੇ ਉਪਰਾਲੇ 'ਅੰਮ੍ਰਿਤ ਕੀਰਤਨ ਮਾਸਿਕ' ਲਈ ਮੇਰੇ ਵਲੋਂ ਬਹੁਤ ਬਹੁਤ ਸ਼ੁਭ ਕਾਮਨਾਵਾਂ।

ਡਾ. ਸਾਹਿਬ ਇਹ ਆਪ ਜੀ ਇਕ ਵਡਮੁੱਲਾ ਤੇ ਕੀਰਤੀਮਾਨ ਭਰਿਆ ਉਪਰਾਲਾ ਹੈ ਜੋ ਕਿ ਆਪ ਗੁਰੂ ਸੰਗਤਾਂ ਦੀ ਸੇਵਾ ਕੀਰਤਨ ਸਿਖਲਾਈ ਵਿਚ, ਗੁਰੂ ਦੇ ਜਸ ਗਵਾਉਣ ਵਿਚ ਕਰ ਰਹੇ ਹੋ। ਅਕਤੂਬਰ ਦਾ ਅੰਕ ਪ੍ਰਾਪਤ ਕਰਕੇ ਕਿ ਮੈਨੂੰ ਇਹ ਆਸ ਲਗਭਗ ਪੱਕੀ ਹੀ ਹੋ ਗਈ ਜਾਪਦੀ ਹੈ ਕਿ ਮੈਂ ਵੀ ਗੁਰੂ ਜਸ, ਕੀਰਤਨ ਰਾਹੀਂ ਕਰ ਸਕਾਂਗਾ। ਮੈਨੂੰ ਸਭ ਤੋਂ ਪਹਿਲਾਂ ਆਪ ਜੀ ਦੇ ਮਾਸਿਕ ਪੱਤਰ ਬਾਰੇ ਚੇਨਈ ਦੇ ਇਕ ਵੀਰ ਹਰਬੰਸ ਸਿੰਘ ਜੀ, ਅਨੰਦ (ਪ੍ਰਧਾਨ ਤਾਮਿਲਨਾਡੂ, ਸਰਕਲ ਸਿੱਖ ਮਿਸ਼ਨਰੀ ਕਾਲਜ) ਵਾਲਿਆਂ ਕੋਲ ਇਕ ਅੰਗਰੇਜ਼ੀ ਦੀ ਮਾਸਿਕ (ਸ਼ਾਇਦ ਸਿਖ ਰਿਵੀਊ) ਵਿਚ ਆਪ ਜੀ ਦਾ ਪਤਾ ਮਿਲਿਆ। ਮੇਰੀ ਆਪ ਜੀ ਅੱਗੇ ਬੇਨਤੀ ਹੈ ਕਿ ਆਪ ਵੱਧ ਤੋਂ ਵੱਧ (ਲਗਭਗ ਤਿੰਨ ਜਾਂ ਚਾਰ) ਸ਼ਬਦ ਗੀਤਾਂ ਨੂੰ ਪ੍ਰਕਾਸ਼ਤ ਕਰੋ ਜੀ। ਤੁਸੀਂ ਪਹਿਲਾਂ ਪ੍ਰਕਾਸ਼ਿਤ ਗੀਤਾਂ ਪ੍ਰਕਾਸ਼ਿਤ ਕਰ ਸਕਦੇ ਹੋ। ਜਿਵੇਂ ਆਪਾਂ ਕਿਸੇ ਟੀਚਰ ਕੋਲ ਜਾਈਏ ਤੇ ਉਹ ਸਾਨੂੰ ਲੈਸਨ ਦੇਵੇਗਾ। ਇਕ ਤੋਂ ਬਾਅਦ ਅਗਲਾ ਹੋਰ। ਉਸ ਤਰ੍ਹਾਂ ਤੁਸੀਂ ਵੀ ਕੀਰਤਨ ਸਿਖਲਾਈ ਵਿਚ (As a physicaly present teacher lessons) ਦਿਉ ਜੀ) ਮੇਰਾ ਭਾਵ ਹੈ ਕਿ ਜਿਵੇਂ ਜਨਵਰੀ ਤੋਂ ਸ਼ੁਰੂ ਕਰਕੇ ਦਸੰਬਰ ਤੱਕ ਲੜੀਬੱਧ ਸ਼ੁਰੂ ਰੱਖੋ ਕਿ ਜਿਵੇਂ ਕੋਈ ਹਰਮੋਨੀਅਮ ਦੀ ਜਾਚ ਨਾ ਜਾਨਣ ਜਾਂ ਘਟ ਜਾਨਣ ਵਾਲਾ ਵੀ ਆਸਾਨੀ ਨਾਲ pickup ਕਰ ਸਕੇ। ਫਿਰ ਤੁਸੀਂ ਇਸੇ ਹੀ ਲੜੀ ਨੂੰ ਦੂਜੇ ਸਾਲ ਵਿਚ ਲੈ ਜਾਵੋ ਜੀ ਅਤੇ ਅੱਗੇ ਜਿਵੇਂ ਜ਼ਰੂਰਤ ਹੋਵੇ, ਤੀਜੇ ਵਿਚ ਹੋਰ। ਪਰ ਦੁਬਾਰਾ ਦੂਜੇ ਸਾਲ ਵਿਚ ਤੁਸੀਂ ਫਿਰ ਉਹੀ Basic hand practice to simple tunes ਸ਼ੁਰੂ ਕਰੋ ਤਾਂ ਜੋ ਨਵੇਂ ਪਾਠਕ, ਕੀਰਤਨ ਸਿੱਖਣ ਵਾਲੇ ਹੁਣ ਉਹ ਆਰੰਭ ਤੋਂ ਸ਼ੁਰੂ ਕਰ ਸਕਣ ਤੇ ਇਸੇ ਤਰ੍ਹਾਂ ਲੜੀ ਜਾਰੀ ਰੱਖੋ ਤਾਂ ਜੋ ਕਿਸੇ ਉਸਤਾਦ ਦੀ ਘਾਟ ਨੂੰ ਕਾਫੀ ਹੱਦ ਤਕ ਘਟਾਇਆ ਜਾ ਸਕੇ।

ਮੈਂ ਇਕ ਗੱਲ ਆਪ ਜੀ ਨੂੰ ਕਹਿਣੀ ਚਾਹੁੰਦਾ ਹਾਂ ਕਿ ਉਸਤਾਦ ਜੋ ਕਿ ਕਿਸੇ ਨੂੰ ਗੁਰੂ ਜਸ ਗਾਉਣ ਦੇ ਕਾਬਿਲ ਕਰਦਾ ਹੈ। ਉਸ ਵਰਗਾ ਕੋਈ ਹੋਰ ਨਹੀਂ ਹੋ ਸਕਦਾ। ਉਸਦੀ ਥਾਂ ਕੋਈ ਹੋਰ ਨਹੀ ਹੋ ਸਕਦਾ। ਪਰ ਕਈ ਵਾਰ Circumstences ਅਜਿਹੇ ਹੁੰਦੇ ਹਨ ਕਿ ਕੀਰਤਨ ਸਿਖਲਾਈ ਵਾਸਤੇ ਉਸਤਾਦ ਜੀ ਜਾਂ ਯੋਗ ਉਸਤਾਦ ਉਪਲਭਧ ਨਹੀਂ ਹੁੰਦੇ। Due to area wise or seme other domestic problem (personel). ਸੋ ਉਹਨਾਂ ਵਾਸਤੇ ਤਾਂ ਆਪ ਜੀ ਯੋਗ ਅਗਵਾਈ ਦੇ ਹੀ ਰਹੇ ਹੋ ਤੇ ਅੱਗੋਂ ਵੀ ਦੇ ਸਕਦੇ ਹੋ ਜੀ। ਮੈਨੂੰ ਤੁਹਾਡੀ

"ਹਿੰਦੋਸਤਾਨੀ ਸੰਗੀਤ ਪੱਦਤੀ" ਨਾਮਕ ਪੁਸਤਕ ਵੀ ਪ੍ਰਾਪਤ ਹੋ ਗਈ ਹੈ। ਇਹ ਪੁਸਤਕ ਕਾਫੀ ਸਹਾਇਕ ਸਿੱਧ ਹੋਵੇਗੀ ਜੀ।

*- ਤਰਸੇਮ ਸਿੰਘ*

*AA3, BSF/INS Ragali, Naval Air Station,*
*Arakonam, Distt. Vellore, Tamilnadu*

♦ ਸਤੰਬਰ 2003 ਦਾ ਰਸਾਲਾ ਮਿਲਿਆ। ਆਪ ਗੁਰਬਾਣੀ ਦੇ ਸੰਗੀਤ ਦੀ ਜੋ ਜਾਣਕਾਰੀ ਦੇ ਰਹੇ ਹੋ ਇਹ ਇਕ ਸ਼ਲਾਘਾਯੋਗ ਕਾਰਜ ਹੈ। 'ਮਾਰੂ ਰਾਗ' ਨੂੰ ਯੁੱਧ ਅਤੇ ਮੌਤ ਦਾ ਰਾਗ ਦੱਸਿਆ ਹੈ ਇਹ ਕੁਝ ਸਹੀ ਲਗਦਾ ਹੈ। ਰਾਗਾਂ ਨੂੰ ਪ੍ਰਦੇਸ਼ਾਂ ਨਾਲ ਵੀ ਸੰਬੰਧਤ ਕੀਤਾ ਹੈ ਇਹ ਸਾਡੇ ਲਈ ਨਵੀਂ ਜਾਣਕਾਰੀ ਹੈ।

*- ਹਰਭਜਨ ਸਿੰਘ*

*ਸ਼ਾਂਤੀ ਨਗਰ, ਕਟਨੀ 483 507*

♦ ਦਸੰਬਰ ਦਾ 'ਅੰਮ੍ਰਿਤ ਕੀਰਤਨ' ਦਾ ਅੰਕ ਬੇਹੱਦ ਪਸੰਦ ਆਇਆ। ਪ੍ਰੋ. ਲਛਮਣ ਸਿੰਘ ਸੀਨ ਦਾ ਲੇਖ 'ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ', ਪ੍ਰੋ. ਨਰਿੰਦਰ ਸਿੰਘ ਦਾ ਲੇਖ ਸਾਹਿਬ 'ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੱਬੀ ਰਬਾਬ', ਗੁਰਮਤਿ ਸੰਗੀਤ ਇਤਿਹਾਸਕ ਅਵਸਰ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਬਾਕੀ ਮੈਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਫਰਵਾਲ੍ਹੀ ਵਿਖੇ ਭਾਈ ਉਜਾਗਰ ਸਿੰਘ ਗੁਰਮਤਿ ਪ੍ਰਚਾਰ ਟ੍ਰਸਟ ਦੇ ਸ਼ਬਦ ਗਾਇਨ ਮੁਕਾਬਲੇ ਵਿਚ ਜੱਜਮੈਂਟ ਲਈ ਜਾਣ ਦਾ ਮੌਕਾ ਮਿਲਿਆ, ਜੋ ਕਿ ਬਹੁਤ ਹੀ ਕਾਬਿਲੇ ਤਾਰੀਫ ਪ੍ਰੋਗਰਾਮ ਸੀ। ਸਿੱਖੀ ਪ੍ਰਚਾਰ ਲਈ ਬੱਚਿਆ ਨੂੰ ਉਤਸਾਹਤ ਕਰਨ ਲਈ ਇਹ ਸਮਾਗਮ ਕਰਵਾਇਆ ਗਿਆ 29 ਨਵੰਬਰ ਨੂੰ ਸ਼ੁਧ ਗੁਰਬਾਣੀ ਅਤੇ ਗੁਰਬਾਣੀ ਕੰਠ ਮੁਕਾਬਲਿਆਂ ਵਿਚ 400 ਬੱਚਿਆਂ ਨੇ ਭਾਗ ਲਿਆ। 30 ਨਵੰਬਰ ਨੂੰ 54 ਟੀਮਾਂ ਨੇ ਸ਼ਬਦ ਗਾਇਨ ਮੁਕਾਬਲਿਆਂ ਵਿਚ ਭਾਗ ਲਿਆ। ਇਕ ਖਾਸ ਖੁਸ਼ੀ ਦੀ ਗੱਲ ਸੀ ਕਿ ਸਾਰੇ ਬੱਚੇ ਅੰਮ੍ਰਿਤਧਾਰੀ ਸਨ। ਜੇਤੂ ਟੀਮਾਂ ਤੋਂ ਇਲਾਵਾ ਸਾਰੇ ਬੱਚਿਆਂ ਨੂੰ ਮਾਇਆ ਅਤੇ ਪੁਸਤਕਾਂ ਦੇ ਸੈਟ ਦੇ ਕੇ ਸਨਮਾਨਤ ਕੀਤਾ ਗਿਆ। ਇਲਾਕੇ ਦੀਆਂ ਹੋਰ ਮਹਾਨ ਸਖ਼ਸੀਅਤਾਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਡਾ. ਸਰੂਪ ਸਿੰਘ ਜੀ ਲੁਧਿਆਣਾ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਭਾਈ ਉਜਾਗਰ ਸਿੰਘ ਗੁਰਮਤਿ ਪ੍ਰਚਾਰ ਟ੍ਰਸਟ ਵਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।

ਨਵੇਂ ਸਾਲ ਦੀ ਆਪ ਜੀ ਨੂੰ ਲੱਖ ਲੱਖ ਵਧਾਈ ਹੋਵੇ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ (ਮੁਕਤਸਰ)*

## ਕਰਉ ਬੇਨੰਤੀਆ

# ਸੁਰ, ਪ੍ਰੇਮ ਅਤੇ ਧਰਮ

ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਾਬ ਦੇ ਸਕੂਲੀ ਵਿਦਿਆਰਥੀਆਂ ਵਿਚ ਵੱਖ ਵੱਖ ਕਲਾਵਾਂ ਦਾ ਵਿਕਾਸ ਕਰਨ ਲਈ ਉਨ੍ਹਾਂ ਦੇ ਆਪਸੀ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਦੀ ਪ੍ਰਤਿਭਾ ਉਤੇ ਕਈ ਪ੍ਰੌੜ ਸੰਗੀਤਕਾਰ ਵੀ ਅਸ਼-ਅਸ਼ ਕਰ ਰਹੇ ਸਨ। ਇਕ ਖੇਤਰ ਦੇ ਸ਼ਬਦ ਗਾਇਨ ਮੁਕਾਬਲੇ ਵਿਚ ਪਹਿਲੇ ਅਤੇ ਦੂਜੇ ਦਰਜੇ 'ਤੇ ਆਈਆਂ ਟੀਮਾਂ ਬਹੁਤ ਵਧੀਆ ਸਨ। ਜਦੋਂ ਮੁਕਾਬਲੇ ਖਤਮ ਹੋਏ ਤਾਂ ਦੂਜੇ ਦਰਜੇ 'ਤੇ ਆਈ ਟੀਮ ਦੇ ਵਿਦਿਆਰਥੀ ਇਕ ਜੱਜ ਨੂੰ ਪੁੱਛਣ ਲੱਗੇ: 'ਸਾਡੇ ਵਿਚ ਕੀ ਕਮੀ ਸੀ, ਜੋ ਸਾਨੂੰ ਤੁਸੀਂ ਫਸਟ ਨਹੀਂ ਕੱਢਿਆ?'

ਉਹ ਜੱਜ ਸਾਹਿਬ ਬੜੇ ਸਿਆਣੇ ਸਨ। ਉਨ੍ਹਾਂ ਹਰ ਟੀਮ ਦੀ ਪੇਸ਼ਕਾਰੀ ਸਬੰਧੀ ਕੁਝ ਨੁਕਤੇ ਨੋਟ ਕੀਤੇ ਹੋਏ ਸਨ। ਬੜੇ ਧੀਰਜ ਨਾਲ ਸਮਝਾ ਰਹੇ ਸਨ।

"ਤੁਹਾਡੀ ਟੀਮ ਵੀ ਬਹੁਤ ਵਧੀਆ ਹੈ। ਤੁਸੀਂ ਗਾ ਤਾਂ ਬਹੁਤ ਵਧੀਆ ਰਹੇ ਸੀ ਪਰ ਤੁਹਾਡੇ ਨਾਲ ਵੱਜਣ ਵਾਲਾ ਤਬਲਾ ਸੁਰ ਵਿਚ ਨਹੀਂ ਸੀ। ਇਕ ਹੋਰ ਟੀਮ ਨਾਲ ਵੱਜਣ ਵਾਲਾ ਤਾਨਪੁਰਾ ਸੁਰ ਵਿਚ ਨਹੀਂ ਸੀ। ਇਸ ਲਈ ਸੁਰ ਦਾ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ। ਜਿਵੇਂ ਦੁੱਧ ਦੇ ਪਤੀਲੇ ਵਿਚ ਖਟਿਆਈ ਦੀ ਇਕ ਬੂੰਦ ਵੀ ਦੁੱਧ ਖਰਾਬ ਕਰ ਦਿੰਦੀ ਹੈ ਇੰਜ ਹੀ ਸਮੁੱਚੀ ਸੁਰੀਲੀ ਪੇਸ਼ਕਾਰੀ ਨੂੰ ਇਕ ਬੇਸੁਰੀ ਆਵਾਜ਼ ਵੀ ਖਰਾਬ ਕਰ ਦਿੰਦੀ ਹੈ।"

ਉਨ੍ਹਾਂ ਦੀਆਂ ਗੱਲਾਂ ਬਾਤਾਂ ਤੋਂ ਮੈਨੂੰ ਆਪਣੇ ਸੰਗੀਤ ਅਧਿਆਪਕ ਯਾਦ ਆਏ ਜਿਹਨਾਂ ਮੈਨੂੰ ਤਾਨਪੁਰਾ ਸੁਰ ਕਰਨਾ ਸਿਖਾਇਆ ਸੀ। ਉਹ ਅਧਿਆਪਕ ਆਖਦੇ ਹੁੰਦੇ ਸਨ: "ਇਹ ਤਾਨਪੁਰੇ ਦੀਆਂ ਚਾਰ ਤਾਰਾਂ ਵੀ ਬੱਚਿਆਂ ਵਾਂਗ ਹਨ। ਜੇ ਤੁਸੀਂ ਕਿਸੇ ਬੱਚੇ ਵੱਲ ਮੁਸਕਰਾ ਕੇ ਵੇਖੋਗੇ ਤਾਂ ਉਹ ਵੀ ਅੱਗੋਂ ਮੁਸਕਰਾਏਗਾ। ਇਸੇ ਤਰ੍ਹਾਂ ਜਦੋਂ ਇਕ ਤਾਰ ਦਾ ਦੂਜੀ ਤਾਰ ਨਾਲ ਸੁਰ ਮਿਲ ਜਾਂਦਾ ਹੈ ਤਾਂ ਉਹ ਆਪਣੇ ਆਪ ਵੱਜਣ ਲੱਗ ਪੈਂਦੀ ਹੈ।"

ਉਨ੍ਹਾਂ ਤਾਨਪੁਰੇ ਦੀਆਂ ਚਾਰ ਤਾਰਾਂ ਵਿਚੋਂ ਪਹਿਲਾਂ ਜੋੜੇ ਦੀਆਂ ਤਾਰਾਂ ਭਾਵ ਜੋ ਸ਼ਡਜ ਉਤੇ ਸੁਰ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਸੁਰ ਕਰਨਾ ਸਿਖਾਇਆ। ਇਕ ਤਾਰ ਉਤੇ ਉਨ੍ਹਾਂ ਕਾਗਜ਼ ਦਾ ਛੋਟਾ ਜਿਹਾ ਟੁਕੜਾ ਰੱਖ ਦਿੱਤਾ ਤੇ ਫਿਰ ਦੂਜੀ ਤਾਰ ਦਾ ਸੁਰ ਉਸ ਪਹਿਲੀ ਤਾਰ ਦੇ ਸੁਰ ਨਾਲ ਮਿਲਾਉਣ ਲੱਗ ਪਏ। ਜਦੋਂ ਦੂਜੀ ਤਾਰ ਦਾ ਸੁਰ ਉਸ ਨਾਲ ਮਿਲਿਆ ਤਾਂ ਪਹਿਲੀ ਤਾਰ 'ਤੇ ਪਿਆ ਕਾਗਜ਼ ਕੰਬਣ ਲੱਗ ਪਿਆ ਭਾਵ ਪਹਿਲੀ ਤਾਰ ਵੀ ਆਪਣੇ ਆਪ ਵੱਜਣ ਲੱਗ ਪਈ। ਫਿਰ ਉਨ੍ਹਾਂ ਸਾ ਪਾ, ਸਾ ਮ ਅਤੇ ਮੰਦਰ ਸਪਤਕ ਦੇ ਸਾ ਦੇ ਤਾਰਾਂ ਨੂੰ ਇੰਜ ਹੀ ਮਿਲਾਉਣਾ ਸਿਖਾਇਆ।

ਸੁਰ ਨਾਲ ਸੁਰ ਮਿਲਣ ਦਾ ਇਹ ਬ੍ਰਹਿਮੰਡੀ ਅਸੂਲ ਸਾਰੇ ਬ੍ਰਹਿਮੰਡ ਵਿਚ ਵਿਆਪਕ ਹਨ। ਇਸ ਲਈ ਸੰਗੀਤ ਨੂੰ ਬ੍ਰਹਿਮੰਡ ਦੀ ਭਾਸ਼ਾ ਕਿਹਾ ਜਾਂਦਾ ਹੈ। ਹਰ ਮਨੁੱਖ ਦੇ ਸ਼ਰੀਰ ਦੀਆਂ ਨਾੜੀਆਂ ਵਿਚ ਦੌੜਦਾ ਖੂਨ ਵੱਖ ਵੱਖ ਨਾਦ ਪੈਦਾ ਕਰਦਾ ਰਹਿੰਦਾ ਹੈ। ਜੇ ਕੋਈ ਵਿਅਕਤੀ ਆਪਣੇ ਕੰਨ ਬੰਦ ਕਰਕੇ ਇਕਾਂਤ ਵਿਚ ਬੈਠਦਾ ਹੈ ਤਾਂ ਉਸ ਨੂੰ ਭਾਂਤ ਭਾਂਤ ਦੇ ਨਾਦ ਸੁਣਾਈ ਦਿੰਦੇ ਹਨ। ਇਹ ਨਾਦ ਸੁਰੀਲੇ ਹੀ ਹੁੰਦੇ ਹਨ। ਸਾਡਾ ਦਿਮਾਗ ਸੁਰਾਂ ਤੋਂ ਜਾਣੂ ਹੁੰਦਾ ਹੈ। ਇਸੇ ਲਈ ਜਦੋਂ ਕੋਈ ਬਾਹਰੋਂ ਸੁਰੀਲੀ ਆਵਾਜ਼ ਸਾਡੇ ਕੰਨਾਂ ਵਿਚ ਪੈਂਦੀ ਹੈ ਤਾਂ ਉਹ ਸਾਨੂੰ ਚੰਗੀ ਲਗਦੀ ਹੈ। ਸ਼ੋਰ ਦਾ ਸੁਰੀਲੇ ਨਾਦ ਨਾਲ ਮੇਲ ਨਹੀਂ ਬੈਠਦਾ ਇਸ ਲਈ ਉਹ ਭੱਦਾ ਲਗਦਾ ਹੈ। ਸ਼ੋਰ ਜਾਂ ਬੇਸੁਰੇ ਸੁਰਾਂ ਨੂੰ ਸੁਣ ਸੁਣ ਕੇ ਇਕ ਆਦਤ ਜਿਹੀ ਪੈ ਜਾਂਦੀ ਹੈ। ਅਸੀਂ ਬੇਸੁਰੇਪਨ ਨੂੰ ਵੀ ਸਹਿਨ ਕਰਨ ਲੱਗ ਪੈਂਦੇ ਹਾਂ ਪਰ ਕਿਸੇ ਵਸਤੂ ਜਾਂ ਭਾਵ ਨੂੰ ਸਹਿਣ ਕਰਨ ਦਾ ਅਰਥ ਇਹ ਨਹੀਂ ਕਿ ਉਹ ਸਰਬ-ਪ੍ਰਵਾਨਿਤ ਹੋ ਗਈ।

ਬ੍ਰਹਿਮੰਡੀ ਅਸੂਲਾਂ ਵਿਚ ਇਹ ਸਦੀਵੀ ਹਨ:

1. ਚੁੰਬਕ ਹਮੇਸ਼ਾ ਉਤਰੀ ਅਤੇ ਦੱਖਣੀ ਧਰੁਵ ਦੀ ਦਿਸ਼ਾ ਵਿਚ ਰਹਿੰਦੇ ਹਨ।
2. ਦੋ ਤਾਰਾਂ ਦੇ ਨਾਦ ਮਿਲਣ ਨਾਲ ਸੰਵਾਦ ਹੁੰਦਾ ਹੈ।
3. ਜਦੋਂ ਕੋਈ ਪ੍ਰੇਮ ਨਾਲ ਸਾਡੇ ਵੱਲ ਵੇਖਦਾ ਹੈ ਤਾਂ ਸਾਡੇ ਅੰਦਰ ਵੀ ਇਕ ਝਰਨਾਟ ਛਿੜਦੀ ਹੈ।

ਮੇਰੇ ਵਿਚਾਰ ਵਿਚ ਤਾਂ ਧਰਮ ਦੇ ਵੀ ਇਹੋ ਹੀ ਮੂਲ ਤੱਤ ਹਨ। ਇਹ ਸਚਾਈ ਹੈ। ਜਿਸ ਬਾਰੇ ਗੁਰਬਾਣੀ ਵਿਚ ਥਾਂ ਪਰ ਥਾਂ ਦਰਜ ਹੋਇਆ ਹੈ:

- *ਮਨ ਤੂ ਜੋਤ ਸਰੂਪ ਹੈ ਆਪਣਾ ਮੂਲ ਪਛਾਣ।*
- *ਜਿਨੀ ਪਛਾਤਾ ਸਚ ਚੁੰਮਾਂ ਪੈਰ ਮੂ।*
- *ਧਉਲ ਧਰਮ ਦਇਆ ਕਾ ਪੂਤ*

ਤੁਹਾਡਾ ਕੀ ਵਿਚਾਰ ਹੈ?

# ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

ਰਮੇਸ਼ ਸਿੰਘ : ਸੀ-131, ਸੋਨਾਰੀ ਵੈਸਟ ਜਮਸ਼ੇਦਪੁਰ (ਝਾਰਖੰਡ) 831 001

ਪ੍ਰਭੂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਇਕ ਵਾਰ ਫੇਰ ਸਤਿਸੰਗ ਪ੍ਰਾਪਤ ਹੋਇਆ, ਗੁਰੂ ਪਿਆਰੇ ਸਤਿਸੰਗੀਆਂ ਦੀ ਚਰਣ ਧੂੜ ਪ੍ਰਾਪਤ ਹੋਈ। ਗੁਰਮਤਿ ਗਾਡੀ ਰਾਹ ਦੀ ਪੜ੍ਹਾਈ ਮੁੜ ਸੁਨਣ, ਪੜ੍ਹਨ, ਘੋਖਣ ਤੇ ਅਮਲ ਕਰਨ ਦੀ ਪ੍ਰੇਰਨਾ ਮਿਲੀ। ਇਹ ਦੋ ਸਪਤਾਹ ਦੇ ਇਕ intensiv training ਕੈਂਪ ਵਾਂਗ ਸੀ ਜਿਸ ਵਿਚ 15-18 ਸਾਲ ਦੇ ਬੱਚੇ ਵੀ ਸਨ ਤੇ 80 ਸਾਲ ਦੇ ਬਜੁਰਗ ਵੀ, ਪਰ ਸਾਰਿਆਂ ਦਾ ਫੋਕਸ ਇਕ ਸੀ, ਨਿਸ਼ਾਨਾ ਇਕ ਸੀ, ਲਗਨ ਇਕ ਸੀ, ਸਾਰੇ ਇਕੋ ਦੇ ਪਿਆਰ ਵਿਚ ਪਰੋਤੇ ਹੋਏ ਸਨ ਤੇ ਉਸ ਪਿਆਰ ਨੂੰ ਸਾਰੀ ਦੁਨੀਆਂ ਨਾਲ ਵੰਡਣ ਲਈ ਉਤਸਕ ਸਨ। ਸੁ ਜਿਥੇ ਵੀ ਤੇ ਜਦੋਂ ਵੀ ਮੌਕਾ ਬਖਸ਼ਿਆ ਪ੍ਰਭੂ ਨੇ, ਸਾਰਿਆਂ ਨੇ ਰੱਜ ਰੱਜ ਕੇ ਇਹ ਪਿਆਰ ਵੰਡਿਆ ਤੇ ਰੱਜ ਰੱਜ ਕੇ ਬਦਲੇ ਵਿਚ ਪਿਆਰ ਪਾਇਆ - ਭਾਵੇਂ ਉਹ ਕ੍ਰਿਸਚਿਅਨ sister ਹੋਣ, ਭਾਵੇਂ ਜੇਲ੍ਹ ਦੇ ਕੈਦੀ ਹੋਣ, ਭਾਵੇਂ ਕੈਂਸਰ ਦੇ ਮਰੀਜ਼ ਹੋਣ, ਭਾਵੇਂ ਟ੍ਰੇਨ ਵਿਚ ਸਫਰ ਕਰਨ ਵਾਲੇ ਯਾਤਰੂ ਹੋਣ, ਭਾਵੇਂ ਰੋਗੀਆਂ ਦੀ ਸੇਵਾ ਕਰਨ ਦੇ ਚਾਹਵਾਨ ਲੋਕਾਂ ਦਾ ਗਰੁੱਪ ਹੋਵੇ, ਭਾਵੇਂ ਕੋਹੜ ਦੇ ਮਰੀਜ਼ ਹੋਣ ਤੇ ਭਾਵੇਂ ਆਮ ਇਨਸਾਨ (ਕਿਸੇ ਵੀ ਧਰਮ, ਜਾਤੀ, ਰਾਜ, ਭਾਸ਼ਾ ਦਾ) ਹੋਵੇ, ਜੋ ਵੀ "ਪਾਗਲਾਂ" ਦੀ ਇਸ ਪ੍ਰੇਮ ਟੋਲੀ ਨਾਲ ਮਿਲਿਆ, ਸੰਪਰਕ ਵਿਚ ਆਇਆ ਉਹ ਪਿਆਰ ਦੇ ਨਿਘ ਤੋਂ ਸੱਖਣਾ ਨਾ ਰਹਿ ਸਕਿਆ। ਗੁਰਮੁਖ ਪਿਆਰੇ ਅਕਸਰ (ਪੰਜਾਬੀ ਨਾ ਜਾਨਣ ਵਾਲਿਆਂ ਕਰਕੇ) ਹਿੰਦੀ ਵਿਚ ਇਹ ਗਾਇਆ ਕਰਦੇ ਸਨ :-

"ਤੂਨੇ ਮੁਝਕੋ ਸਾਥੀ ਦੀਏ ਤੇਰੇ ਪ੍ਰੇਮ ਕੀ ਖਾਤਿਰ। ਪ੍ਰੇਮ ਕੀ ਮਜਲਿਸ ਬਨ ਗਈ ਤੇਰੇ ਪ੍ਰੇਮ ਕੀ ਖਾਤਿਰ। ਕ੍ਰਿਪਾ ਕਰੋ ਯੇਹ ਮਜਲਿਸ ਕਹੀਂ ਕਭੀ ਟੂਟ ਨਾ ਜਾਏ। ਤੇਰਾ ਨਾਮ ਔਰ ਤੇਰਾ ਪ੍ਰੇਮ ਕਹੀਂ ਛੂਟ ਨਾ ਜਾਏ।" ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਸ਼ੁਕਰਾਨੇ ਵੱਜੋਂ ਆਪਣੇ ਉਦਗਾਰ ਇਸ ਤਰ੍ਹਾਂ ਪ੍ਰਗਟ ਕਰਦੇ ਸਨ-

"ਜਬ ਸੇ ਮੁਝਕੋ ਮਿਲ ਗਈ ਹੈ ਗੁਲਾਮੀ ਤੇਰੀ। ਜਗ ਕੀ ਆਜ਼ਾਦੀ ਭੀ ਬਨੀ ਹੈ ਗੁਲਾਮ ਮੇਰੀ।"

ਉਹ ਅਕਸਰ ਕਿਹਾ ਕਰਦੇ ਹਨ, ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਸੰਤ ਨਹੀਂ ਤੇ ਛੋਟੇ ਕੋਲ ਜਾਣ ਦੀ ਲੋੜ ਨਹੀਂ। ਲੋੜ ਬੱਸ ਇਸ ਗੱਲ ਦੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੇ ਪੂਰਾ ਯਕੀਨ ਕਰੀਏ ਤੇ ਨਾਲ ਹੀ ਪੂਰਾ ਪੂਰਾ ਅਮਲ ਕਰਨ ਦੀ ਪੂਰੀ ਈਮਾਨਦਾਰੀ ਕੋਸ਼ਿਸ਼ ਕਰਦਿਆਂ ਪੂਰੇ ਸਮਰਪਣ ਨਾਲ ਅਰਦਾਸ ਕਰਦੇ ਰਹੀਏ; ਆਪਣੇ ਗੁਨਾਹਾਂ ਦੀ ਸ਼ਰਮ ਹੇਠ ਰਹਿ ਕੇ ਆਪਣੀ "ਮੈਂ" ਤੇ ਆਕੜ ਤੋਂ ਦੂਰ ਰਹੀਏ ਤੇ ਗੁਰੂ/ਪ੍ਰਭੂ ਦੀ ਵਡਿਆਈ ਹਿਰਦੇ ਵਿਚ ਵਸਾਈਏ। ਇਸ ਤਰ੍ਹਾਂ ਗੁਰੂ ਕਿਰਪਾ ਸਦਕਾ ਅਸੀਂ ਪ੍ਰਭੂ ਕਿਰਪਾ ਦੇ ਪਾਤ੍ਰ ਬਣ ਸਕਦੇ ਹਾਂ- ਫਿਰ ਚਿੰਤਾ ਕਾਹਦੀ, ਡਰ ਕੈਸਾ, ਪਰੇਸ਼ਾਨੀ ਕੈਸੀ, ਦੁਖ ਕੈਸਾ, ਘਬਰਾਹਟ ਕਾਹਦੀ, ਸੋਚਾਂ ਕੈਸੀਆਂ, ਸ਼ਿਕਾਇਤ ਕਿਸ ਗੱਲ ਦੀ, ਵਹਿਮ ਤੇ ਭਰਮ ਕੈਸਾ, ਬੁਰਾ ਤੇ ਭੈੜਾ ਕੌਣ, ਨਿੰਦਾ ਕਿਸਦੀ, ਚੁਗਲੀ ਕਿਸਦੀ, ਵੈਰ-ਵਿਰੋਧ ਕਿਸ ਨਾਲ, ਈਰਖਾ ਕਿਸ ਨਾਲ, ਕਿਸ ਤੋਂ ਬਦਲਾ; ਫਿਰ ਤਾਂ ਅਨੰਦ ਹੀ ਅਨੰਦ ਹੈ, ਠੰਢ ਹੀ ਠੰਢ ਹੈ, ਸਹਿਜ ਹੈ, ਖੇੜਾ ਹੀ ਖੇੜਾ ਹੈ, ਪਿਆਰ ਹੀ ਪਿਆਰ ਹੈ, ਭਲਾ ਹੀ ਭਲਾ ਹੈ।

ਪਰ ਸਾਡੀ problem ਇਹ ਹੈ ਕਿ ਨਾ ਅਸੀਂ ਗੁਰੂ ਬਚਨਾਂ ਤੇ ਪੂਰਾ ਭਰੋਸਾ ਕਰਦੇ ਹਾਂ, ਨਾ ਗੁਰੂ ਦੀ ਗੱਲ ਪੂਰੀ ਮੰਨਦੇ ਹਾਂ; ਮੱਥਾ ਗੁਰੂ ਗ੍ਰੰਥ ਸਾਹਿਬ ਅੱਗੇ ਟੇਕਦੇ ਹਾਂ ਤੇ ਡਰਦੇ ਦੁਨੀਆਂ ਤੋਂ ਹਾਂ ਕਿ ਕਿਤੇ ਲੋਗ ਨਾਰਾਜ਼ ਨਾ ਹੋ ਜਾਣ, ਗੁਰੂ ਅੱਗੇ ਪੂਰਾ ਸਮਰਪਣ ਨਹੀਂ ਕਰਦੇ। ਚਾਹੁੰਦੇ ਹਾਂ ਕਿ ਲੋਕਾਂ ਦੀ ਖੁਸ਼ੀ ਵੀ ਮਿਲੇ ਕੋਈ ਸਾਨੂੰ ਭੈੜਾ ਵੀ ਨਾ ਆਖੇ, ਅਸੀਂ ਲੋਕਾਂ ਦੀ ਵਾਹ ਵਾਹ ਵੀ ਲੁਟੀਏ ਤੇ ਗੁਰੂ ਦੀ ਪ੍ਰਸੰਨਤਾ ਦੇ ਪਾਤ੍ਰ ਵੀ ਬਣ ਜਾਈਏ। ਅਫਸੋਸ, ਇਹ ਹੋ ਨਹੀਂ ਸਕਦਾ, ਕਿਉਂਕਿ ਦੁਨੀਆਂ ਦਾ ਰਾਹ (ਸੰਸਾਰੀ ਮਾਰਗ) ਤੇ ਗੁਰਮਤਿ ਦਾ ਰਾਹ (ਭਗਤੀ ਮਾਰਗ) ਦੋਵੇਂ ਵੱਖ ਵੱਖ ਹਨ। ਇਸ ਲਈ ਗੁਰੂ ਸਾਹਿਬ ਨੇ ਕਿਹਾ ਸੀ, ਚੁਨਣਾ ਪਵੇਗਾ ਕਿ ਸਾਨੂੰ ਕਿਹੜਾ ਮਾਰਗ ਚਾਹੀਦਾ ਹੈ - ਪ੍ਰਭੂ ਮਾਰਗ ਤੇ ਚਲਦਿਆਂ ਔਕੜਾਂ ਆਉਣਗੀਆਂ, ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ, ਲੋਕਾਂ ਦੀ ਆਲੋਚਨਾ (ਘਰ ਵਾਲਿਆਂ ਸਮੇਤ) ਸੁਨਣੀ ਪਵੇਗੀ, "ਪਾਗਲ", "ਬਉਰਾ" "abnormal" "ਵੱਖਰਾ" ਇਹ ਸਭ ਸਹਿਣਾ ਪਵੇਗਾ। ਸੱਚ ਦਾ ਮਾਰਗ ਕੰਡਿਆਂ ਦਾ ਮਾਰਗ

ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, ਭਾਈ ਇਸ ਮਾਰਗ ਦਾ ਪਾਂਧੀ ਬਨਣ ਵਾਲੇ ਨੂੰ ਆਪਣਾ ਸੀਸ ਤਲੀ ਤੇ ਰੱਖ ਕੇ ਆਣਾ ਪਵੇਗਾ ਤੇ ਜੇ ਇਕ ਵਾਰ ਆ ਗਿਆ ਫਿਰ ਕਿੰਤੂ, ਪਰੰਤੂ (if, but) ਦੀ ਕੋਈ ਗੁੰਜਾਇਸ਼ ਨਹੀਂ। ਗੁਰੂ ਅਰਜਨ ਦੇਵ ਜੀ ਨੇ ਵੀ ਸਮਝਾਇਆ ਸੀ - ਪਹਿਲਾਂ ਮਰਨਾ ਪਵੇਗਾ ("ਮੈਂ", "ਮੇਰੀ", ਛੱਡਣੀ ਪਵੇਗੀ), ਜੀਵਨ ਦੀ ਆਸ ਛੱਡਣੀ ਪਵੇਗੀ। ਇਤਨੀ ਨਿਮਰਤਾ ਲੋੜੀਂਦੀ ਹੈ ਕਿ ਸਭ ਦੀ ਚਰਣ ਧੂੜ ਬਨਣਾ ਪਵੇਗਾ; ਮੋਹ ਦੀ ਗਿੱਚੀ ਮਰੋੜਨੀ ਪਵੇਗੀ, ਪੰਜਾਂ ਚੋਰਾਂ ਦਾ ਸੰਗ ਤਿਆਗਣਾ ਪਵੇਗਾ। ਇਕ ਨਾਲ ਚਿਤ ਲਾਉਣਾ ਪਵੇਗਾ। ਆਸਾ-ਅੰਦੇਸ਼ਾ, ਦੁਨੀਆਂ ਦੀਆਂ ਖਹਾਵਿਸ਼ਾਂ, ਇਨ੍ਹਾਂ ਚੋਂ ਮਨ ਕੱਢਣਾ ਪਵੇਗਾ। ਅਸੀਂ ਚਾਹੁੰਦੇ ਤਾਂ ਹਾਂ ਕਿ ਸਾਡੇ ਬੱਚੇ ਗੁਰੂ ਮਾਰਗ ਦੇ ਪਾਂਧੀ ਬਨਣ ਪਰ ਆਪਣਾ ਜੀਵਨ ਗੁਰੂ ਦੇ ਹੁਕਮਾਂ ਤੇ ਨਹੀ ਢਾਲਦੇ। ਗੱਲਾਂ ਗੁਰੂ ਦੀਆਂ ਕਰਦੇ ਹਾਂ - ਗੁਰਦੁਆਰੇ ਜਾਉ, ਪਾਠ ਕਰੋ, ਕੀਰਤਨ ਸਿੱਖੋ, ਅੰਮ੍ਰਿਤ ਛਕੋ..., ਪਰ ਆਪ ਗੁਰਦੁਆਰੇ ਜਾ ਕੇ ਵੀ ਨਿੰਦਾ-ਚੁਗਲੀ ਬਖੀਲੀ ਨਹੀਂ ਛੱਡਦੇ, ਬੱਚਿਆਂ ਦੇ ਸਾਹਮਣੇ ਆਪਸ ਵਿਚ ਲੜਦੇ ਹਾਂ, ਦੁਨੀਆਂ ਦਾ ਲੋਕ ਪਚਾਰਾ ਕਰਦੇ ਹਾਂ, ਸ਼ਰਾਬ ਨਹੀਂ ਛੱਡਦੇ,... ਬੱਚੇ ਸਾਡੇ ਇਸ ਪਾਖੰਡ ਤੋਂ ਦੁਖੀ ਹੋ ਕੇ ਕਹਿੰਦੇ ਹਨ - ਆਪ ਇਤਨੇ ਸਾਲਾਂ ਦੇ ਗੁਰਦੁਆਰੇ ਜਾਂਦੇ ਹੋ ਪਰ ਆਪਦੇ ਜੀਵਨ ਅੰਦਰ ਤਾਂ ਕੋਈ ਤਬਦੀਲੀ ਆਈ ਨਹੀਂ। ਫਿਰ ਅਸੀਂ ਕਿਉਂ ਜਾਈਏ; ਉਨ੍ਹਾਂ ਦੀ ਗੱਲ ਆਪਣੀ ਥਾਂ ਠੀਕ ਹੈ। ਅਸੀਂ ਸੱਚਮੁਚ ਪਾਖੰਡੀ ਲੋਕ ਹਾਂ, ਗੁਰੂ ਦੀ ਗਾਲ੍ਹ ਬਣ ਚੁੱਕੇ ਹਾਂ, ਸਾਡੇ ਬੱਚੇ ਜੇ ਗੁਰਮਤਿ ਤੋਂ ਦੂਰ ਜਾ ਰਹੇ ਹਨ ਤਾਂ ਉਸਦੇ ਜ਼ਿੰਮੇਵਾਰ ਅਸੀਂ ਖੁਦ ਹਾਂ, ਅਸੀਂ ਉਨ੍ਹਾਂ ਦੇ ਸਾਹਮਣੇ ਉਹ ਉਦਾਹਰਣ ਅਸਲੀ ਜੀਵਨ ਦੁਆਰਾ ਨਹੀਂ ਪੇਸ਼ ਕਰ ਸਕੇ ਜੋ ਇਕ ਸਿੱਖ ਦਾ ਹੋਣਾ ਲੋੜੀਂਦਾ ਹੈ ਤੇ ਜਿਸਦਾ ਵਰਨਣ ਭਾਈ ਗੁਰਦਾਸ ਜੀ ਨੇ ਇੰਜ ਕੀਤਾ ਹੈ :-

*ਹਉ ਤਿਸੁ ਘੋਲਿ ਘੁਮਾਇਆ,*
*ਗੁਰਮਤਿ ਰਿਦੈ ਗਰੀਬੀ ਆਵੈ॥*
ਨਿਮਰਤਾ ਧਾਰਣ ਕਰੀਏ।
*ਹਉ ਤਿਸੁ ਘੋਲਿ ਘੁਮਾਇਆ,*
*ਪਰ ਨਾਰੀ ਦੇ ਨੇੜਿ ਨ ਜਾਵੈ॥*
ਪਰ ਨਾਰੀ/ਪੁਰਸ਼ ਨਾਲ ਨਜ਼ਾਇਜ ਸੰਬੰਧ ਨਹੀਂ ਰੱਖਣੇ।
*ਹਉ ਤਿਸੁ ਘੋਲਿ ਘੁਮਾਇਆ,*
*ਪਰ ਦਰਬੈ ਨ ਲਾਵੈ॥*
ਪਰਾਏ ਧਨ ਹੜੱਪ ਕਰਨ ਤੋਂ ਪਰਹੇਜ ਕਰੀਏ।
*ਹਉ ਤਿਸੁ ਘੋਲਿ ਘੁਮਾਇਆ,*
*ਪਰ ਨਿੰਦਾ ਸੁਣਿ ਆਪ ਹਟਾਵੈ॥*
ਨਿੰਦਾ ਤੋਂ ਦੂਰ ਰਹਿਣਾ ਹੈ।
*ਹਉ ਤਿਸੁ ਘੋਲਿ ਘੁਮਾਇਆ,*
*ਸਤਿਗੁਰ ਦਾ ਉਪਦੇਸ਼ ਕਮਾਵੈ॥*
ਗੁਰੂ ਦੇ ਹੁਕਮਾਂ ਤੇ ਅਮਲ ਕਰੀਏ।
*ਹਉ ਤਿਸੁ ਘੋਲਿ ਘੁਮਾਇਆ,*
*ਥੋੜਾ ਸਵੈ ਥੋੜਾ ਹੀ ਖਾਵੈ॥*
ਖਾਣ ਤੇ ਸੌਣ ਦਾ ਲਾਲਚ ਨਹੀ ਕਰਨਾ।
*ਗੁਰਮਖਿ ਸੋਈ ਸਹਿਜ ਸਮਾਵੈ॥*

(ਵਾਰ 12, ਪਉੜੀ 4)

ਗੁਰੂ ਦੇ ਦੱਸੇ ਇਸ ਸਿੱਖੀ ਮਾਰਗ ਨੂੰ ਅਪਨਾ ਕੇ ਹੀ ਸਾਡਾ ਜੀਵਨ ਸਹਿਜ ਅਵਸਥਾ ਵਿਚ ਆ ਸਕ[illegible] ਜਿੱਥੇ ਸੋਨਾ ਤੇ ਮਿੱਟੀ ਇਕੋ ਜਿਹੇ ਲੱਗਣ, ਮਾਨ ਦੀ ਚਾਹਤ ਤੇ ਅਪਮਾਨ ਦਾ ਡਰ ਨਾ ਹੋਵੇ, ਹਰਖ ਤੇ ਸੋਗ, ਦੁਖ ਤੇ ਸੁਖ ਇਕੋ ਜਿਹੇ ਜਾਪਣ, ਸੁਖ ਦੀ ਲਾਲਸਾ ਨਾ ਹੋਵੇ ਤੇ ਦੁਖ ਤੋਂ ਘਬਰਾਹਟ ਨਾ ਹੋਵੇ; ਨਾ ਵਡਿਆਈ ਦੀ ਭੁਖ ਹੋਵੇ ਨਾ ਕਿਸੇ ਦੀ ਉਸਤਤਿ-ਨਿੰਦਾ ਕਰੀਏ, ਆਕੜ ਤੋਂ ਦੂਰ ਰਹੀਏ, ਕੋਈ ਆਸਾ-ਮਨਸਾ ਨਾ ਹੋਵੇ, ਬੱਸ ਹਰ ਹਾਲ ਤੇ ਕਾਲ ਵਿਚ ਪ੍ਰਭੂ ਦਾ ਸ਼ੁਕਰਾਨਾ ਕਰਦਿਆਂ ਜੀਵਨ ਗੁਜਾਰੀਏ। ਪਰ ਅਸੀਂ ਘਾਲ-ਕਮਾਈ ਕੀਤੇ ਬਗੈਰ ਅੱਖਾਂ ਮੀਟ ਕੇ, ਮੋਢੇ ਹਿਲਾ-ਹਿਲਾ ਕੇ ਸ਼ਬਦ ਪੜ੍ਹ-ਸੁਣ ਕੇ ਇਸ ਅਵਸਥਾ ਤੇ ਪਹੁੰਚਣਾ ਚਾਹੁੰਦੇ ਹਾਂ ਜੋ ਨਾਮੁਮਕਨ ਹੈ। ਸਾਡੇ ਜੀਵਨ ਵਿਚ ਨਾ ਅੰਮ੍ਰਿਤ ਵੇਲਾ ਹੈ। (priority ਸਾਡੀ ਪ੍ਰਭੂ ਨਹੀਂ, ਬਿਜ਼ਨੇਸ, ਪੈਸਾ, TV ਤੇ ਲੋਕ ਹਨ), ਨਾ ਦਸਵੰਧ ਕੱਢਦੇ ਹਾਂ, ਨਾ ਸੱਚੀ-ਸੁੱਚੀ ਕਿਰਤ ਹੈ ਸਾਡੀ, ਤੇ ਫਿਰ ਉਮੀਦ ਕਰਦੇ ਹਾਂ ਕਿ ਸਾਡਾ ਜੀਵਨ ਸੁਖੀ ਹੋਵੇ, ਸਾਡੇ ਬੱਚੇ ਗੁਰਸਿੱਖੀ ਮਾਰਗ ਤੇ ਚੱਲਣ, ਇਹ ਕਿਵੇਂ ਹੋ ਸਕਦਾ ਹੈ।

ਇੱਕ ਹੋਰ ਅਜੀਬ ਗੱਲ ਅਕਸਰ ਵੇਖਣ ਵਿਚ ਆਉਂਦੀ ਹੈ ਕਿ ਇਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਸਾਡੇ ਬੱਚੇ ਪ੍ਰਭੂ ਦੇ ਪਾਸੇ ਲੱਗਣ, ਪਰ ਜੇ ਪ੍ਰਭੂ ਕਿਰਪਾ ਸਦਕਾ ਉਹ ਵਾਕਈ seriously ਇਹ ਮਾਰਗ ਅਪਨਾਣ ਲੱਗਦੇ ਹਨ ਤਾਂ ਅਸੀਂ ਪਰੇਸ਼ਾਨ ਹੋ ਜਾਂਦੇ ਹਾਂ ਕਿਉਂਕਿ ਫਿਰ ਬੱਚੇ ਸਾਡੇ ਨਾਲ ਮੋਹ ਨਹੀਂ ਕਰਦੇ, ਉਹ ਦੁਨੀਆਂ ਦੇ ਅਡੰਬਰਾਂ ਵਿਚ ਸਾਡੇ ਭਾਈਵਾਲ ਨਹੀਂ ਬਣਦੇ, ਉਹ ਹੇਰਾਫੇਰੀ, ਝੂਠ ਤੇ ਫਰੇਬੀ ਦਾ ਜੀਵਨ ਛੱਡ ਦੇਂਦੇ ਹਨ।

ਸਾਨੂੰ ਘਬਰਾਹਟ ਹੋਣ ਲੱਗਦੀ ਹੈ ਕਿ ਇਸ ਤਰ੍ਹਾਂ ਤਾਂ ਇਹ ਜਿੰਦਗੀ ਕਿਵੇਂ ਚਲਾਣਗੇ, ਇਹ ਤਾਂ ਦੁਨੀਆਂ ਦੀ ਦੌੜ ਵਿਚ ਪਿੱਛੇ ਰਹਿ ਜਾਣਗੇ। ਸੱਚਾਈ ਇਹ ਹੈ ਕਿ ਅਸੀਂ ਕੇਵਲ ਇਹ ਚਾਹੁੰਦੇ ਹਾਂ ਕਿ ਬੱਚੇ ਵੀ ਸਾਡੇ ਵਾਂਗ ਹੀ ਭੇਖ ਕਰਦੇ ਰਹਿਣ। ਕੇਸ, ਦਾਹੜੀ ਰੱਖਣ, ਗੁਰਦੁਆਰੇ ਮੱਥਾ ਟੇਕਣ ਜਾਇਆ ਕਰਨ, ਥੋੜਾ ਬਹੁਤ ਪਾਠ ਵੀ ਕਰਿਆ ਕਰਨ, ਕੁਝ ਸ਼ਬਦ ਵੀ ਸਿੱਖ ਲੈਣ (ਨਾ ਸ਼ਬਦਾਂ ਨੂੰ ਸਮਝਣ ਦੀ ਲੋੜ ਹੈ ਤੇ ਨਾ ਹੀ ਅਮਲ ਦੀ) ਜੋ ਉਹ ਨਹੀਂ ਕਰਦੇ ਕਿਉਂਕਿ ਉਹ ਜੋ ਵੀ ਰਸਤਾ ਪਕੜਦੇ ਹਨ ਉਸ ਤੇ ਪੂਰੀ ਤਰ੍ਹਾਂ ਟੁਰਨਾ ਚਾਹੁੰਦੇ ਹਨ।

ਸਾਡੇ ਅਖੌਤੀ ਗੁਰਮਤਿ ਜੀਵਨ ਦਾ ਇਕ ਉਦਾਹਰਣ ਵੇਖੋ। ਪ੍ਰੇਮ ਟੋਲੀ ਕੈਂਸਰ ਦੇ ਇਕ ਅਸਪਤਾਲ ਵਿਚ ਮਰੀਜਾਂ ਦਾ ਦੁਖ-ਦਰਦ ਵੰਡਾਂਦਿਆਂ ਇਕ cabin ਵਿਚ ਇਕ ਸਿੱਖ ਪਰਿਵਾਰ ਨੂੰ ਵੇਖ ਉਨ੍ਹਾਂ ਕੋਲ ਚਲੀ ਗਈ। ਪੁੱਛਣ ਤੇ ਪਤਾ ਲੱਗਾ ਕਿ ਸਰਦਾਰ ਸਾਹਿਬ ਦੇ ਪੇਟ ਦਾ ਆਪੇਰਸ਼ਨ ਹੋ ਚੁੱਕਾ ਹੈ ਤੇ ਹੁਣ ਉਹ chemotherapy ਲਈ ਭੇਰਤੀ ਹੋਏ ਹਨ ਤਾਂ ਜੋ cancer ਦੇ cells ਨੂੰ injections ਰਾਹੀਂ ਖਤਮ ਕੀਤਾ ਜਾ ਸਕੇ ਤੇ ਉਹ ਪੂਰੀ ਤਰ੍ਹਾਂ ਨਿਰੋਗ ਹੋ ਜਾਣ। ਕੋਲ ਹੀ ਉਨ੍ਹਾਂ ਦੀ ਬਿਰਧ ਮਾਤਾ ਜੀ ਦੂਜੇ ਬਿਸਤਰ ਤੇ ਬੈਠੇ ਸਨ। ਉਨ੍ਹਾਂ ਦੇ ਹੱਥ ਵਿਚ ਗੁਟਕਾ ਸੀ ਪਰ ਚੇਹਰੇ ਤੇ ਚਿੰਤਾ, ਪਰੇਸ਼ਾਨੀ ਤੇ ਡਰ ਸਾਫ ਝਲਕ ਰਹੇ ਸਨ। ਸਰਦਾਰ ਸਾਹਿਬ ਕਹਿਣ ਲੱਗੇ, ਇਹ ਮੇਰੇ ਮਾਤਾ ਜੀ ਹਨ, ਸਾਰਾ ਦਿਨ ਪਾਠ ਕਰਦੇ ਰਹਿੰਦੇ ਹਨ। ਪ੍ਰੇਮ-ਟੋਲੀ ਦੇ ਮੁਖੀ ਗੁਰਮੁਖ ਪਿਆਰਿਆਂ ਨੇ ਪੁੱਛਿਆ, ਮਾਤਾ ਜੀ, ਆਪ ਤਾਂ ਇਤਨਾ ਪਾਠ ਕਰਦੇ ਹੋ, ਨਿਤਨੇਮੀ ਹੋ, ਫਿਰ ਚਿੰਤਾ ਕਿਸ ਗੱਲ ਦੀ, ਇਤਨੀ tension ਕਿਉਂ ਹੈ? ਮਾਤਾ ਜੀ ਦਾ ਜੁਆਬ ਸਾਡੀ hypocrisy ਦੀ classic ਮਿਸਾਲ ਹੈ, ਉਨ੍ਹਾਂ ਕਿਹਾ, ਪਾਠ ਆਪਣੀ ਥਾਂ, ਚਿੰਤਾ ਆਪਣੀ ਥਾਂ। ਇਹ ਹੈ ਅੱਜ ਦੇ ਸਿੱਖ ਦੀ ਜੀਵਨ ਜਾਚ, ਕਿਤਨੇ ਅਫਸੋਸ ਦੀ ਗੱਲ ਹੈ ਕਿ ਗੁਰੂ ਸਾਡਾ ਸਾਰੀ ਦੁਨੀਆਂ ਦਾ ਰਾਹਬਰ ਤੇ ਸਿੱਖ ਘੋਰ ਹਨੇਰੇ ਵਿਚ, ਘੋਰ ਦੁਖ ਵਿਚ, ਘੋਰ ਚਿੰਤਾ ਤੇ ਪਰੇਸ਼ਾਨੀ ਵਿਚ, ਹਾਥ ਦੀਪ ਕੂੰਏ ਪਰੇ ਵਾਲੀ ਹਾਲਤ ਵਿਚ।

ਇਸ ਘੋਰ ਨਿਰਾਸ਼ਾ ਦੇ ਮਾਹੌਲ ਵਿਚ ਗੁਰੂ ਕਿਰਪਾ ਸਦਕਾ ਜਦੋਂ ਕਿਤੇ ਕਿਤੇ ਪ੍ਰਭੂ ਪ੍ਰੇਮੀਆਂ ਦੀ ਸੰਗਤ ਵਿਚ ਅਮਲੀ ਸਿੱਖੀ ਜੀਵਨ ਦੀਆਂ ਕੁਝ ਝਲਕੀਆਂ ਵੇਖੀਆਂ ਤਾਂ ਉਮੀਦ ਦੀ ਕਿਰਨ ਜਾਗੀ ਕਿ ਅਜੇ ਵੀ ਸਭ ਕੁਝ ਨਹੀਂ ਬਿਗੜਿਆ, ਅਜੇ ਵੀ ਸੰਭਲਿਆ ਜਾ ਸਕਦਾ ਹੈ, ਅੱਜ ਵੀ ਕਮਾਈ ਕਰਨ ਵਾਲੇ ਗੁਰੂ ਦੇ ਲਾਲ ਬੈਠੇ ਹਨ। ਪ੍ਰੇਮ ਟੋਲੀ ਨੂੰ ਇਕ ਕ੍ਰਿਸ਼ਚਿਅਨ ਮਿਸ਼ਨਰੀਜ਼ ਦੇ ਸਕੂਲ ਵਿਚ cancer suppor group ਦੀ ਮੀਟਿੰਗ ਵਿਚ ਬੁਲਾਇਆ ਗਿਆ ਤੇ ਇਕ ਸਿੱਖ ਨੂੰ ਜੋ ਆਪਣੀ ਵੱਡੀ ਨੌਕਰੀ ਸ੍ਵੈਛਾ ਨਾਲ ਛੱਡ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਕੋਹੜ ਦੇ ਮਰੀਜ਼ਾਂ ਦੀ ਸੇਵਾ ਸੰਭਾਲ ਕਰ ਰਹੇ ਹਨ ਬੇਨਤੀ ਕੀਤੀ ਗਈ ਕਿ ਉਹ ਗਰੁੱਪ ਨੂੰ ਮਾਰਗ ਦਰਸ਼ਨ ਦੇਣ ਕਿ ਉਹ ਕਿਵੇਂ ਕੈਂਸਰ ਦੇ ਮਰੀਜ਼ਾਂ ਦੇ ਸੇਵਾ ਕਾਰਜ ਵਿਚ ਸਮਰਪਤ ਹੋ ਸਕਣ। ਗੁਰਮੁਖਾਂ ਬੜੇ ਪਿਆਰ ਤੇ ਹਲੀਮੀ ਨਾਲ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਗੁਰੂ ਦੀ ਕਿਰਪਾ ਨੂੰ ਦੱਸਦਿਆਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਖੋਲ੍ਹ ਕੇ ਸਮਝਾਇਆ ਤੇ ਫਿਰ ਕਈ ਉਦਾਹਰਣ ਦੇ ਕੇ ਦੱਸਿਆ ਕਿ ਕਿਵੇਂ ਗੁਰੂ ਦੇ ਹੁਕਮਾਂ ਤੇ ਅਮਲ ਕਰਨ ਦੀ ਕੋਸ਼ਿਸ਼ ਮਾਤ੍ਰ ਨਾਲ ਉਹ ਸਾਰਿਆਂ ਦੇ ਹਰਮਨ ਪਿਆਰੇ ਬਣ ਗਏ। ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਸਾਂਝੀਵਾਲਤਾ, ਸਾਰੀ ਮਨੁੱਖਤਾ ਨਾਲ ਪਿਆਰ, ਸਮਾਜ ਦੇ ਅਖੌਤੀ ਨੀਚ ਵਰਗ ਨੂੰ ਗਲੇ ਲਗਾਉਣ ਦੀ ਚਾਹਤ, ਆਪਣੇ ਗੁਨਾਹਾਂ ਤੇ ਪਸ਼ਚਾਤਾਪ ਤੇ ਪ੍ਰਭੂ ਦਾ ਨਿਰੰਤਰ ਧੰਨਵਾਦ ਕਰਦਿਆਂ ਉਸਦੀ ਹਜ਼ੂਰੀ ਵਿਚ ਰਹਿਣਾ, ਸਭ ਦੇ ਭਲੇ ਦੀ ਤੀਬਰ ਚਾਹਤ, ਦੂਜਿਆਂ ਦਾ ਦੁਖ ਦੂਰ ਕਰਨ ਦੀ ਦਿਲੀ ਚਾਹਤ, ਸਾਰੇ ਧਰਮਾਂ ਦਾ ਮਨ ਵਿਚ ਸਤਿਕਾਰ, ਸਾਰੇ ਧਰਮਾਂ ਦੇ ਸੰਤਾਂ-ਭਗਤਾਂ, ਪੀਰਾਂ-ਗੁਰੂਆਂ ਪ੍ਰਤੀ ਆਦਰ ਤੇ ਸਤਿਕਾਰ ਰੱਖਦਿਆਂ ਆਪਣੇ ਗੁਰੂ ਤੇ ਅਟੁਟ ਸ਼ਰਧਾ ਤੇ ਵਿਸ਼ਵਾਸ਼ ਇਹ ਗੁਰੂ ਦੇ ਦੱਸੇ ਕੁਝ ਗੁਰ ਹਨ ਜਿਨ੍ਹਾਂ ਤੇ ਅਮਲ ਦੀ ਕੋਸ਼ਿਸ਼ ਕਰਕੇ ਅਸੀਂ ਮਨੁੱਖਤਾ ਦੇ ਸੇਵਕ ਬਣ ਸਕਦੇ ਹਾਂ। ਉਨ੍ਹਾਂ ਬੜੇ ਪਿਆਰ ਨਾਲ ਆਪਣੇ ਨਿਜੀ ਅਨੁਭਵ ਵੰਡਦਿਆਂ ਦੱਸਿਆ ਕਿ ਕਿਵੇਂ ਲੰਡਨ ਦੀ Metro Rail ਵਿਚ ਇਕ ਨੌਜਵਾਨ ਪਾਕਿਸਤਾਨੀ ਡਾਕਟਰ ਨੂੰ ਜਦੋਂ ਉਨ੍ਹਾਂ ਪੰਜੇ ਵਕਤ ਨਮਾਜ ਪੜ੍ਹਨ ਤੇ ਡਾਕਟਰੀ ਦੀ ਟ੍ਰੇਨਿੰਗ ਪੂਰੀ ਕਰਕੇ ਆਪਣੇ ਵਤਨ ਵਾਪਸ ਜਾ ਕੇ ਗਰੀਬਾਂ ਦੀ ਸੇਵਾ ਕਰਨ ਦਾ ਫਰਜ਼ ਯਾਦ ਕਰਾਇਆ ਤਾਂ ਉਹ ਹੈਰਾਨ ਰਹਿ ਗਿਆ ਸੀ ਤੇ ਸ਼ੁਕਰਾਨਾ ਕਰਦਿਆਂ ਵਿਦਾ ਹੋਇਆ। ਇਸੇ ਤਰ੍ਹਾਂ ਜਦੋਂ ਉਨ੍ਹਾਂ ਪੈਰਿਸ ਵਿਚ ਪੋਸਟਿੰਗ ਦੌਰਾਨ ਇਕ 90 ਸਾਲਾਂ ਦੀ ਬੁੱਢੀ ਕ੍ਰਿਸ਼ਚਿਅਨ ਮਾਂ ਦੀ ਸੇਵਾ ਕਰਦਿਆਂ ਵਾਰ-ਵਾਰ ਕਿਹਾ ਸੀ ਕਿ ਉਹ ਹਰ ਵਕਤ ਜੀਸਸ ਨੂੰ ਯਾਦ ਕਰਿਆ ਕਰੇ ਤਾਂ ਇੱਕਲਾਪਨ ਮਹਿਸੂਸ ਨਹੀਂ ਕਰੇਗੀ, ਤਾਂ ਉਸ ਮਾਂ ਨੇ ਕਿਹਾ ਸੀ 'ਭਾਵੇਂ ਤੂੰ ਕਹਿੰਦਾ ਹੈ ਕਿ ਤੂੰ ਕ੍ਰਿਸ਼ਚਿਅਨ

ਨਹੀਂ, ਸਿੱਖ ਹੈਂ ਪਰ ਮੇਰੇ ਲਈ ਤਾਂ ਤੂੰ ਹੋਰਨਾਂ ਨਾਲੋਂ ਚੰਗਾ ਕ੍ਰਿਸ਼ਚਿਅਨ ਹੈ ਕਿਉਂਕਿ ਤੂੰ ਜੀਜਸ ਵਿਚ ਮੇਰਾ ਸਿਦਕ ਮੁੜ ਬਹਾਲ ਕਰ ਦਿੱਤਾ ਹੈ।' ਇਸੇ ਤਰ੍ਹਾਂ ਕੋਹੜ ਦੇ ਮਰੀਜ਼ਾਂ ਨੂੰ ਜੋ ਸਾਰੇ ਗੈਰਸਿੱਖ ਹਨ ਜਦੋਂ ਸਿੱਖ ਨੇ ਪ੍ਰਭੂ ਤੋਂ ਪ੍ਰਾਪਤ ਪਿਆਰ ਨਿਸ਼ਕਾਮ ਭਾਵਨਾ ਨਾਲ ਵੰਡਿਆ ਤਾਂ ਉਹ ਪਿਆਰ ਉਨ੍ਹਾਂ ਦੇ ਮਨਾਂ ਨੂੰ ਟੁੰਬ ਗਿਆ ਤੇ ਉਹ ਵੀ ਸਿੱਖ ਨੂੰ ਆਪਣਾ ਸਮਝਣ ਲੱਗ ਪਏ, ਸਿੱਖ ਤਾਂ ਪਹਿਲਾਂ ਹੀ ਉਨ੍ਹਾਂ ਨੂੰ ਆਪਣੇ ਸਮਝਦਾ ਸੀ, ਆਪਣੇ ਗੁਰੂ ਦੀ ਸਿੱਖਿਆ, "ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ" ਅਨੁਸਾਰ। ਇਹ ਗੱਲਾਂ ਸੁਣ ਕੇ ਮੀਟਿੰਗ ਵਿਚ ਬੈਠੀ 80 ਸਾਲਾਂ ਦੀ ਇਕ sister ਕਹਿਣ ਲੱਗੀ, ਮੇਰਾ ਬੜਾ ਸੁਭਾਗ ਹੈ ਕਿ ਮੈਂ ਅੱਜ ਇਸ ਬੈਠਕ ਵਿਚ ਆਈ। ਸਿੱਖ ਨੂੰ ਮੁਖਾਤਬ ਹੋ ਕੇ ਕਿਹਾ। ਇਨ੍ਹਾਂ ਦੀਆਂ ਗੱਲਾਂ ਸੁਣ ਕੇ ਪ੍ਰਭੂ ਵਿਚ ਮੇਰਾ ਸਿਦਕ ਤੇ ਵਿਸ਼ਵਾਸ਼ ਹੋਰ ਦ੍ਰਿੜ ਹੋਇਆ ਹੈ। ਬੈਠਕ ਵਿਚ ਮੌਜੂਦ ਸਾਰੇ ਲੋਗ ਬੜੇ ਪ੍ਰਭਾਵਿਤ ਸਨ, ਅਸਾਂ ਸਾਰਿਆਂ ਰੱਜ ਰੱਜ ਕੇ ਸਾਰਿਆਂ ਕੋਲੋਂ ਪਿਆਰ ਪ੍ਰਾਪਤ ਕੀਤਾ ਗੁਰੂ ਦੀਆਂ ਗੱਲਾਂ ਤੇ ਗੁਰੂ ਦੇ ਉਪਦੇਸ਼ਾਂ ਤੇ ਅਧਾਰਿਤ ਅਮਲੀ ਜੀਵਨ ਦੇ ਅਨੁਭਵ ਸਾਂਝੇ ਕਰਕੇ।

ਪ੍ਰੇਮ ਟੋਲੀ ਫਿਰ ਪਹੁੰਚੀ District Jail, Jamshedpur ਦੇ ਕੈਦੀਆਂ ਨਾਲ ਪ੍ਰਭੂ ਦਾ ਪਿਆਰ ਸਾਂਝਾ ਕਰਨ। ਗੁਰੂ ਪਿਆਰੇ ਹਰ ਐਤਵਾਰ 1-1/2 ਘੰਟਾ ਜੇਲ੍ਹ ਦੇ Juvenile Ward ਵਿਚ ਨੌਜਵਾਨ ਕੈਦੀਆਂ ਨਾਲ ਸਤਿਸੰਗ ਕਰਦੇ ਹਨ ਤੇ ਇਹ ਸਮਝਣ ਸਮਝਾਣ ਦੀ ਕੋਸ਼ਿਸ਼ ਕਰਦੇ ਹਨ ਕਿ ਇਨਸਾਨ ਹੋਣ ਦੇ ਨਾਤੇ ਸਾਡੀ ਜਿੰਦਗੀ ਦਾ ਮਕਸਦ ਕੀ ਹੈ। ਜੇਲ੍ਹ ਅੰਦਰ ਹੋਈ ਸਭਾ ਵਿਚ ਉਸ ਦਿਨ ਸਾਰੇ ਕੈਦੀ (700-750) ਹਾਜਰ ਸਨ ਤੇ ਉਨ੍ਹਾਂ ਬੜੇ ਧਿਆਨ ਨਾਲ ਪਹਿਲਾਂ ਇਹ ਭਜਨ ਸੁਣਿਆ ਪ੍ਰੇਮ ਟੋਲੀ ਕੋਲੋਂ:-

ਮਹਿਲੋਂ ਮੇਂ ਨਹੀਂ ਕੁਟੀਓਂ ਮੇ ਨਹੀਂ, ਜੰਗਲੋ ਮੇਂ ਨਹੀਂ ਬੰਗਲੋਂ ਮੇਂ ਨਹੀਂ।

ਹੈ ਪ੍ਰੇਮ ਜਹਾਂ ਭਗਵਾਨ ਵਹੀਂ, ਹੈ ਪ੍ਰੇਮ ਜਹਾਂ...

ਮਨ ਮੇਂ ਹੀ ਜਪੋ ਉਸਕੀ ਮਾਲਾ ਸਭ ਜਾਨਤਾ ਹੈ ਜਾਨਨਵਾਲਾ।

**ਜੰਤਰ ਮੇਂ ਨਹੀਂ ਮੰਤਰ ਮੇਂ ਨਹੀਂ, ਹੈ ਪ੍ਰੇਮ ਜਹਾਂ ਭਗਵਾਨ ਵਹੀਂ।**

**ਤਜ ਕਰ ਮੇਵੇ ਦੁਰਯੋਧਨ ਕੇ ਮਿਹਮਾਨ ਬਨੇ ਇਕ ਨਿਰਧਨ ਕੇ।**

**ਰਾਜੋਂ ਮੇਂ ਨਹੀਂ ਤਾਜੋਂ ਮੇਂ ਨਹੀਂ, ਹੈ ਪ੍ਰੇਮ ਜਹਾਂ ਭਗਵਾਨ ਵਹੀਂ।**

**ਐ ਸੇਵਕ ਤੂੰ ਸਚੇ ਮਨ ਸੇ ਕਰ ਪ੍ਰੀਤ ਪ੍ਰਭੂ ਕੇ ਚਰਨਨ ਸੇ।**

***ਕਹੇ ਬੇਦ ਵਹੀ, ਸਭ ਸਾਸਤ੍ਰ ਵਹੀ, ਹੈ ਪ੍ਰੇਮ ਜਹਾਂ ਭਗਵਾਨ ਵਹੀਂ।***

ਇਹ ਸੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸੰਦੇਸ਼ "ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ" ਦਾ ਸਾਰ ਉਸ ਬੋਲੀ ਤੇ ਸ਼ਬਦਾਵਲੀ ਵਿਚ ਜੋ ਕੈਦੀ ਆਸਾਨੀ ਨਾਲ ਸਮਝ ਸਕਦੇ ਸਨ।

ਫਿਰ ਗੁਰਮੁਖ ਪਿਆਰਿਆਂ ਨੇ ਕੈਦੀਆਂ ਦੇ ਮਨਾਂ ਤੇ ਪਿਆਰ ਦੇ ਤੀਰ ਮਾਰਦਿਆਂ ਕਿਹਾ ਅਸੀਂ ਸਾਰੇ ਕੈਦੀ ਹਾਂ, ਫਰਕ ਇਤਨਾ ਹੈ ਕਿ ਆਪਦਾ ਤਨ ਕੈਦੀ ਹੈ, ਆਪ ਅਪਰਾਧ ਕਰਦਿਆਂ ਪਕੜੇ ਗਏ ਪਰ ਮੇਰਾ ਮਨ ਪੰਜਾਂ ਚੋਰਾਂ ਦੀ ਕੈਦ ਵਿਚ ਹਰ ਵੇਲੇ ਰਹਿੰਦਾ ਹੈ, ਪ੍ਰਭੂ ਨੇ ਮੇਰੇ ਪਰਦੇ ਕਜੇ ਹੋਏ ਨੇ ਤੇ ਮੇਰੇ ਗੁਨਾਹ ਅਜੇ ਦੁਨੀਆਂ ਦੇ ਕਾਨੂੰਨ ਦੀ ਪਕੜ ਵਿਚ ਨਹੀਂ ਆਏ। ਸੋ ਆਪ ਨਿਰਾਸ਼ ਨਾ ਹੋਵੋ, ਹੰਭਾਲਾ ਮਾਰੋ ਇਹ ਜੋ ਸਮਾ ਕੈਦ ਵਿਚ ਗੁਜਾਰ ਰਹੇ ਹੋ ਇਸਦਾ ਸਹੀ ਇਸਤੇਮਾਲ ਕਰਦਿਆਂ ਪ੍ਰਭੂ ਦੀ ਹਜੂਰੀ ਵਿਚ ਰਹਿਣਾ ਸਿੱਖੋ, ਹਰ ਸਾਹ ਵਿਚ ਪ੍ਰਭੂ ਨੂੰ ਯਾਦ ਕਰੋ ਤੇ ਉਸਦਾ ਸ਼ੁਕਰਾਨਾ ਕਰੋ ਆਪਣੇ ਗੁਨਾਹਾਂ ਤੇ ਪਸ਼ਚਾਤਾਪ ਕਰਦਿਆਂ ਤੇ ਮੁਆਫੀ ਮੰਗਦਿਆਂ। ਇਸ ਤਰ੍ਹਾਂ ਆਪਦਾ ਮਨ ਢਹਿੰਦੀ ਕਲਾ ਵਿਚ ਨਹੀਂ ਜਾਏਗਾ, ਆਪਣਾ ਸਮਾ ਵੀ ਜਲਦ ਤੇ ਸਹੀ ਢੰਗ ਨਾਲ ਗੁਜਰੇਗਾ ਤੇ ਆਪ ਜੇਲ੍ਹ ਵਿਚੋਂ ਇਕ ਚੰਗੇ ਇਨਸਾਨ ਬਣ ਕੇ ਨਿਕਲੋਗੇ। ਇਸ ਤਰ੍ਹਾਂ ਪ੍ਰਭੂ ਕ੍ਰਿਪਾ ਸਦਕਾ ਜੇਲ੍ਹ ਵਿਚ ਵੀ ਮਾਹੌਲ ਪ੍ਰਭੂ ਪਿਆਰ ਵਾਲਾ ਬਣ ਗਿਆ ਤੇ ਸਾਰਿਆਂ ਨੇ ਇਸਦਾ ਨਿੱਘ ਮਾਣਿਆ।

ਪ੍ਰੇਮ ਟੋਲੀ ਇਕ ਬੰਗਾਲੀ ਫੈਮਿਲੀ ਨਾਲ ਵੀ ਮਿਲਣ ਗਈ। ਕਿਸਮਤ ਦੀ ਮਾਰ ਵੇਖੋ ਪਰਿਵਾਰ ਦਾ ਮੁਖੀ ਰੇਲਵੇ ਦੀ ਨੌਕਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਕੈਂਸਰ ਦਾ ਸ਼ਿਕਾਰ ਹੋ ਕੇ ਪ੍ਰਭੂ ਦਾ ਪਿਆਰਾ ਬਣ ਗਿਆ ਤੇ ਪਿੱਛੇ ਪਤਨੀ ਤੋਂ ਇਲਾਵਾ ਤਿੰਨ ਜੁਆਨ ਬੇਟੀਆਂ ਛੱਡ ਗਿਆ; ਇਨ੍ਹਾਂ ਚੋਂ ਇਕ ਪੂਰੀ ਤਰ੍ਹਾਂ blind ਹੈ। ਦੂਜੀ ਦਾ ਵਿਆਹ ਹੋ ਕੇ ਫੇਲ੍ਹ ਹੋ ਗਿਆ ਹੁਣ ਘਰ ਬੈਠੀ ਹੈ ਤੇ ਤੀਸਰੀ ਦੀ ਅੱਖਾਂ ਦੀ ਰੋਸ਼ਨੀ ਵੀ ਜਾ ਰਹੀ ਹੈ। ਬੁੱਢੀ ਮਾਂ ਤੇ ਇਤਨਾ ਹੀ ਬੋਝ ਕਾਫੀ ਨਹੀਂ ਸੀ, ਵੱਡੀ ਬੇਟੀ ਕਿਸੇ blind school ਵਿਚ ਪੜ੍ਹਾਉਂਦੀ ਸੀ। ਉਥੇ ਉਹ ਸਕੂਲ ਦੀ ਛੱਤ ਤੇ ਗਿੱਲੇ ਕੱਪੜੇ ਪਾਉਣ ਲੱਗੀ ਗਿਰ ਗਈ ਤੇ

ਸਾਰੀ ਉਮਰ ਲਈ ਅਪਾਹਿਜ ਹੋ ਗਈ। ਮਾਂ ਦੀ ਥੋੜ੍ਹੀ ਜਿਹੀ ਪੈਨਸ਼ਨ ਦੇ ਇਲਾਵਾ ਹੋਰ ਕੋਈ ਆਮਦਨੀ ਨਹੀਂ। ਕਿਸਮਤ ਦੇ ਮਾਰੇ ਇਸ ਪਰਿਵਾਰ ਨਾਲ ਜਦੋਂ ਪ੍ਰੇਮ-ਟੋਲੀ ਨੇ ਹਮਦਰਦੀ ਜਤਾਈ, ਪ੍ਰਭੂ ਦੇ ਪਿਆਰ ਦਾ ਸਹਾਰਾ ਦਿੱਤਾ ਤਾਂ ਦੁਖੀ ਹਿਰਦਿਆਂ ਨੂੰ ਬੜਾ ਸਕੂਨ ਮਿਲਿਆ। ਗੁਰਮੁਖ ਪਿਆਰਿਆਂ ਨੇ ਉਨ੍ਹਾਂ ਨੂੰ ਇਹ ਗੱਲ ਦ੍ਰਿੜ ਕਰਾਉਣ ਦੀ ਕੋਸ਼ਿਸ਼ ਕੀਤੀ ਕਿ ਹਾਲਾਤ ਜੋ ਵੀ ਹਨ ਪ੍ਰਭੂ ਨੂੰ ਯਾਦ ਰੱਖੋ, ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖੋ, ਸ਼ਿਕਾਇਤ ਨਾ ਕਰੋ, ਪ੍ਰਭੂ ਜ਼ਰੂਰ ਕ੍ਰਿਪਾ ਕਰਨਗੇ। ਦਿਨ ਬਦਲਣਗੇ, ਉਸ ਇਕ ਨੂੰ ਸਹਾਰਾ ਬਣਾਓ ਫਿਰ ਸਾਰੀ ਦੁਨੀਆਂ ਸਹਾਰਾ ਦੇਣ ਲਈ ਅੱਗੇ ਆਏਗੀ। ਨਾਲ ਹੀ ਉਸ ਫੈਮਿਲੀ ਦੇ ਸਿਰ 'ਤੇ ਇਕ ਛੋਟੀ ਜਿਹੀ ਛੱਤ ਹੋ ਜ਼ਾਏ, ਇਸ ਉਪਰਾਲੇ ਲਈ ਪ੍ਰੇਮ-ਟੋਲੀ ਨੇ ਉਨ੍ਹਾਂ ਦੀ ਮਾਲੀ ਇਮਦਾਦ ਵੀ ਕੀਤੀ ਤੇ ਪ੍ਰਭੂ ਦਾ ਸ਼ੁਕਰਾਨਾ ਕੀਤਾ ਕਿ ਦਿਆਲੂ ਪਿਤਾ ਨੇ ਸਾਨੂੰ ਸੇਵਾ ਦਾ ਸੁਭਾਗ ਮੌਕਾ ਬਖਸ਼ਿਆ।

ਇਸੇ ਤਰ੍ਹਾਂ ਇਕ ਹੋਰ ਗਰੀਬ ਸਿੰਧੀ ਪਰਿਵਾਰ ਦਾ ਬੱਚਾ ਜੋ ਇੰਜੀਨੀਅਰਿੰਗ ਦੀ ਪੜ੍ਹਾਈ ਕਰਨਾ ਚਾਹੁੰਦਾ ਸੀ ਪਰ ਪੈਸੇ ਦੀ ਘਾਟ ਕਰਕੇ ਪੜ੍ਹ ਨਹੀਂ ਸਕਿਆ ਤੇ ਇਕ ਸਾਲ ਘਰ ਬੈਠਾ ਰਹਿ ਗਿਆ 12ਵੀਂ ਕਰਕੇ। ਉਸਦੀ ਮਦਦ ਕਰਨ ਦਾ ਮੌਕਾ ਬਖਸ਼ਿਆ ਪ੍ਰਭੂ ਨੇ। ਚੈਰੀਟੇਬਲ ਸੁਸਾਇਟੀ ਵੱਲੋਂ ਪਿਛਲੇ ਦੋ ਸਾਲਾਂ ਤੋਂ, ਨਾਗਪੁਰ ਵਿਖੇ ਪੜ੍ਹ ਰਹੇ ਇਸ ਬੱਚੇ ਨੂੰ ਪੜ੍ਹਾਈ ਦਾ ਸਾਰਾ ਖਰਚ ਦਿੱਤਾ ਜਾਂਦਾ ਹੈ ਤੇ ਜਿੱਥੇ ਇਹ ਗੈਰਸਿੱਖ ਸਿੰਧੀ ਪਰਿਵਾਰ ਗੁਰੂ ਨਾਨਕ ਦੀ ਫੁਲਵਾੜੀ ਦੇ ਮੈਂਬਰਾਂ ਦੀ ਇਸ ਕਰਨੀ ਤੋਂ ਹੈਰਾਨ ਰਹਿ ਗਿਆ ਹੈ ਉਥੇ ਪ੍ਰੇਮ-ਟੋਲੀ ਹਰ ਵੇਲੇ ਤਹਿ ਦਿਲੋਂ ਗੁਰੂ ਦਾ ਸ਼ੁਕਰਾਨਾ ਕਰਦੀ ਹੈ। ਜਿਸਨੇ ਸਾਨੂੰ ਇਹ ਪੜ੍ਹਾਈ ਸਿਖਲਾਈ ਤੇ ਸਾਡੇ ਵਰਗੇ ਕੀੜਿਆਂ ਨੂੰ ਆਪਣਾ instrument ਬਣਾ ਕੇ ਆਪਣਾ ਕੰਮ ਕਰਵਾ ਰਿਹਾ ਹੈ।

ਸਤਿਗੁਰ ਕ੍ਰਿਪਾ ਕਰਨ ਅਸੀਂ ਜਾਗੀਏ, ਸਿੱਖ ਹੋਣ ਦੇ ਨਾਤੇ ਆਪਣਾ ਸਿੱਖੀ ਫਰਜ਼ ਪਛਾਣੀਏ ਸਿੱਖ ਦਾ ਕੰਮ ਹੈ ਸਾਰੀ ਮਨੁੱਖਤਾ ਦੀ ਸੇਵਾ ਕਰਨਾ, ਸਿੱਖ ਦਾ ਕੰਮ ਹੈ ਸਭ ਨਾਲ ਪਿਆਰ ਕਰਨਾ, ਸਿੱਖ ਦਾ ਕੰਮ ਹੈ ਸਭ ਦਾ ਭਲਾ ਮੰਗਣਾ, ਸਿੱਖ ਦਾ ਕੰਮ ਹੈ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਰਹਿਣਾ ਤੇ ਸਿੱਖ ਦਾ ਕੰਮ ਹੈ ਹਰ ਵੇਲੇ ਪ੍ਰਭੂ ਦਾ ਸ਼ੁਕਰ ਕਰਨਾ। ਇਸ ਤਰ੍ਹਾਂ ਅਸੀਂ, "ਸਿੱਖ" ਜੇ ਸਿੱਖ ਬਣ ਜਾਈਏ ਤਾਂ ਸਾਰੀ ਦੁਨੀਆਂ ਅੰਦਰ ਗੁਰੂ ਨਾਨਕ ਦੀ ਵਡਿਆਈ ਪ੍ਰਗਟ ਹੋ ਜਾਏਗੀ।

# ਸੰਗੀਤ ਸਾਧਨਾ

ਕਮਲੇਸ਼ ਸ਼ਰਮਾ : ਦੇਵ ਸਮਾਜ ਕਾਲਜ ਫਾਰ ਵੂਮੈਨ, ਸੈਕਟਰ 45-ਬੀ, ਚੰਡੀਗੜ੍ਹ

ਕਿਹਾ ਜਾਂਦਾ ਹੈ ਕਿ ਪੂਰੇ ਸੰਸਾਰ ਵਿਚ ਅਜਿਹੀ ਕੋਈ ਵੀ ਸ਼ਕਤੀ ਨਹੀਂ ਜੋ ਹਵਾ ਅਤੇ ਸਮੇਂ ਨੂੰ ਬੰਨ ਸਕੇ। ਸਮਾਂ ਅਤੇ ਹਵਾ ਬਿਨਾਂ ਕਿਸੇ ਰੋਕ ਟੋਕ ਦੇ ਲਗਾਤਾਰ ਚੱਲਦੇ ਰਹਿੰਦੇ ਹਨ। ਮਗਰ ਇਕ ਅਜਿਹੀ ਸ਼ਕਤੀ ਵੀ ਹੈ, ਜੋ ਕਿ ਸਮੇਂ ਅਤੇ ਹਵਾ ਨੂੰ ਰੋਕਣ ਦਾ ਅਹਿਸਾਸ ਕਰਵਾਉਂਦੀ ਹੈ। ਉਹ ਸ਼ਕਤੀ ਹੈ, ਸੰਗੀਤ। ਸਾਡੇ ਪੁਰਾਤਨ ਸ਼ਾਸਤਰਾਂ ਵਿਚ ਲਿਖਿਆ ਗਿਆ ਹੈ। "ਗੀਤਮ, ਵਾਦਯਮ, ਤਥਾ ਨ੍ਰਿਤਯਮ ਤ੍ਰਯ ਸੰਗੀਤ ਮੁਚਯਤੇ" ਭਾਵ ਕਿ ਗਾਇਨ, ਵਾਦਨ ਅਤੇ ਨ੍ਰਿਤ ਇਹਨਾਂ ਤਿੰਨੋਂ ਹੀ ਕਲਾਵਾਂ ਨੂੰ ਮਿਲਾ ਸੰਗੀਤ ਬਣਦਾ ਹੈ। ਇੱਥੇ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਇਹ ਤਿੰਨੋ ਹੀ ਕਲਾਵਾਂ ਤਾਲ ਦੀ ਸੰਗਤ ਤੋਂ ਬਿਨਾਂ ਅਧੂਰੀਆਂ ਹਨ। ਕਿਹਾ ਗਿਆ ਹੈ ਕਿ ਅਗਰ ਸਾਰੇ ਸੰਗੀਤ ਨੂੰ ਇਕ ਸ਼ਰੀਰ ਮੰਨ ਲਿਆ ਜਾਵੇ ਤਾਂ ਤਾਲ ਉਸ ਸ਼ਰੀਰ ਦੇ ਪ੍ਰਾਣ ਹਨ, ਭਾਵ ਤਾਲ ਵੀ ਸੰਗੀਤ ਦਾ ਇਕ ਗਹਿਰਾ ਅੰਗ ਹੈ।

ਸਾਧਨਾ ਦੇ ਸਾਗਰ ਚੋਂ ਨਿਕਲਿਆ ਸੰਗੀਤ ਜਦੋਂ ਸੰਗੀਤ ਸੁਨਣ ਵਾਲੇ ਸ੍ਰੋਤਿਆਂ ਵਿਚਕਾਰ ਆਪਣੀ ਕਲਾ ਦਾ ਜਾਦੂ ਬਿਖੇਰ ਦਿੰਦਾ ਹੈ ਤਾਂ ਇਸ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ ਕਿ ਮਾਨੋ ਹਵਾ ਅਤੇ ਸਮਾਂ ਜਿਵੇਂ ਕਿ ਰੁਕ ਗਏ ਹੋਣ। ਸੰਗੀਤ ਵਿਚ ਸਾਧਨਾ ਉੱਪਰ ਬਹੁਤ ਬਲ ਦਿੱਤਾ ਜਾਂਦਾ ਹੈ। ਸਾਧਨਾ ਦਾ ਭਾਵ ਹੈ- ਅਭਿਆਸ, ਰਿਆਜ਼, ਮਿਹਨਤ, ਉੱਦਮ, ਅੰਗਰੇਜੀ ਭਾਸ਼ਾ ਦਾ ਪ੍ਰੈਕਟਿਸ। ਜਦੋਂ ਕੋਈ ਵੀ ਵਿਅਕਤੀ ਸਾਧਨਾ ਰੂਪੀ ਜਹਾਜ਼ ਉੱਪਰ ਸਵਾਰ ਹੋ ਕੇ ਸੰਗੀਤ ਸਾਧਨਾ ਦੀ ਯਾਤਰਾ ਕਰਦਾ ਹੈ ਤਾਂ ਉਹ ਵਿਅਕਤੀ ਲਾਜ਼ਮੀ ਹੀ ਆਪਣੀ ਮੰਜ਼ਿਲ ਤੱਕ ਪਹੁੰਚਣ ਵਿਚ ਕਾਮਯਾਬ ਹੋ ਜਾਂਦਾ ਹੈ। ਇਹ ਗੱਲ ਕੇਵਲ ਸੰਗੀਤ ਜਗਤ ਉੱਤੇ ਹੀ ਲਾਗੂ ਨਹੀਂ ਹੁੰਦੀ। ਕਿਸੇ ਵੀ ਖੇਤਰ ਨੂੰ ਅਸੀਂ ਲੈ ਸਕਦੇ ਹਾਂ। ਜਿਹੜੇ ਵਿਅਕਤੀਆਂ ਨੇ ਸਾਧਨਾ ਰੂਪੀ ਯਾਨ ਦਾ ਸਹਾਰਾ ਲਿਆ ਹੈ, ਉਸ ਅਕਾਲ ਪੁਰਖ ਵਾਹਿਗੁਰੂ ਨੇ ਹਮੇਸ਼ਾ ਉਹਨਾਂ ਦਾ ਸਾਥ ਦਿੱਤਾ ਹੈ।

ਅੱਜ ਦਾ ਵਿਦਿਆਰਥੀ ਬਹੁਤ ਹੀ ਥੋੜ੍ਹੇ ਸਮੇਂ ਵਿਚ ਘੱਟ ਮਿਹਨਤ ਦੁਆਰਾ ਵੱਧ ਪ੍ਰਸਿੱਧੀ ਪਾਉਣ ਦਾ ਇੱਛੁਕ ਹੈ। ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦਾ ਖੇਤਰ ਬਹੁਤ ਹੀ ਵਿਸ਼ਾਲ ਹੈ ਅਤੇ ਗਹਿਰਾ ਹੈ। ਜਦੋਂ ਤੱਕ ਸੰਗੀਤ ਸਾਗਰ ਵਿਚ ਸਾਧਨਾ ਰੂਪੀ ਡੁਬਕੀ ਬਾਰ ਬਾਰ ਨਹੀ ਲਗਾਈ ਜਾਵੇਗੀ। ਸਫਲਤਾ ਵੀ ਸਾਡਾ ਸਾਥ ਨਹੀਂ ਦੇਵੇਗੀ ਉਦੋਂ ਤੱਕ ਜਿਵੇਂ ਕਿ ਇਕ ਬੜਾ ਪ੍ਰਸਿੱਧ ਹਿੰਦੀ ਦਾ ਦੋਹਾ ਹੈ।

*ਜਿਨ ਢੂੰਡਾ ਤਿਨ ਪਾਇਆ, ਗਹਰੇ ਪਾਨੀ ਪੈਠ*
*ਮੈ ਬਪੁਰਾ ਡੂਬਨ ਡਰਾ, ਰਹਾ ਕਿਨਾਰੇ ਬੈਠ॥*

ਇਸ ਦੋਹੇ ਦਾ ਭਾਵ ਹੈ, ਕਿ ਜਿਨ੍ਹਾਂ ਵਿਅਕਤੀਆਂ ਨੇ ਡੂੰਗੇ ਸਾਗਰ ਵਿਚ ਗੋਤਾ ਲਗਾਇਆ, ਉਹਨਾਂ ਨੂੰ ਹੀ ਸਾਗਰ ਦੀ ਗੋਦ ਚੋਂ ਮੋਤੀ ਅਤੇ ਕੀਮਤੀ ਪਦਾਰਥ ਆਦਿਕ ਪ੍ਰਾਪਤ ਹੋਏ। ਜਿਹੜੇ ਡਰਦੇ ਮਾਰੇ ਕਿ ਕਿਧਰੇ ਅਸੀਂ ਪਾਣੀ ਵਿਚ ਡੁੱਬ ਹੀ ਨਾ ਜਾਈਏ ਕਿਨਾਰੇ ਤੇ ਬੈਠੇ ਰਹੇ ਉਹਨਾਂ ਨੂੰ ਕੁਝ ਵੀ ਪ੍ਰਾਪਤ ਨਹੀ ਹੋਇਆ।

ਜ਼ਮੀਨ ਚੋਂ ਅਗਰ ਪਾਣੀ ਕੱਢਣਾ ਹੋਵੇ ਤਾਂ ਜ਼ਮੀਨ ਨੂੰ ਕਹੀ ਨਾਲ ਬਾਰ ਬਾਰ ਪੁੱਟਣਾ ਪੈਂਦਾ ਹੈ ਤਾਂ ਕਿਤੇ ਜਾ ਕੇ ਸ਼ੀਤਲ ਜਲ ਦੀ ਪ੍ਰਾਪਤੀ ਹੁੰਦੀ ਹੈ। ਇਸੇ ਪ੍ਰਕਾਰ ਸੰਗੀਤ ਦੇ ਵਿਦਿਆਰਥੀਆਂ ਨੂੰ ਵੀ ਅਧਿਆਪਕ ਜਨਾਂ ਦੇ ਦੱਸੇ ਮਾਰਗ ਅਨੁਸਾਰ ਲਗਾਤਾਰ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਫਿਰ ਇਹ ਹੋਵੇਗਾ ਕਿ ਸਫਲਤਾ ਵੀ ਉਹਨਾਂ ਦੇ ਕਦਮ ਚੁੰਮੇਗੀ। ਜੇ ਵਿਦਿਆਰਥੀ ਨੇ ਸੰਗੀਤ ਵਿਸ਼ਾ ਲਿਆ ਹੈ ਤਾਂ ਕੇਵਲ ਅੱਛੇ ਅੰਕ ਪ੍ਰਾਪਤ ਕਰਨਾ ਹੀ ਵਿਦਿਆਰਥੀ ਦਾ ਲਕਸ਼ ਨਹੀ ਹੋਣਾ ਚਾਹੀਦਾ, ਵਿਦਿਆਰਥੀ ਨੂੰ ਸੰਗੀਤ ਦੇ ਪ੍ਰਤੀ ਸੱਚੀ ਸ਼ਰਧਾ ਧਾਰਨ ਕਰਕੇ ਅਧਿਆਪਕਾਂ ਦੇ ਦੱਸੇ ਮਾਰਗ ਤੇ ਚੱਲਦੇ ਹੋਏ ਲਗਾਤਾਰ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਲਗਾਤਾਰ ਸੰਗੀਤ ਸਾਧਨਾ ਕਰਨ ਤੇ 'ਸੰਗੀਤ' ਸਾਨੂੰ ਅਜਿਹਾ ਅਲੌਕਿਕ ਆਨੰਦ ਪ੍ਰਦਾਨ ਕਰੇਗਾ ਕਿ ਮਾਨੋ ਹਵਾ ਅਤੇ ਸਮਾਂ ਰੁਕ ਜਿਹੇ ਗਏ ਹੋਣ।

ਕੁਝ ਦਿਨ ਪਹਿਲਾਂ ਪ੍ਰਾਚੀਨ ਕਲਾ ਕੇਂਦਰ ਦੀ ਨਵੀਂ ਇਮਾਰਤ (ਮੋਹਾਲੀ ਖੇਤਰ) ਦੇ ਸ਼ੁਭਆਰੰਭ ਦੇ ਅਵਸਰ ਤੇ ਜਾਣ ਦਾ ਮੌਕਾ ਪ੍ਰਾਪਤ ਹੋਇਆ ਤਾਂ ਸਿੰਘਾਪੁਰ ਤੋਂ ਆਏ ਸ੍ਰੀ ਮਾਨ ਕੇ. ਪੀ. ਭਾਸਕਰ ਜੀ ਦੇ ਸੰਗੀਤ ਦੇ ਪ੍ਰਤੀ ਵਿਚਾਰ ਸੁਣੇ ਭਾਸਕਰ ਜੀ ਨੇ ਕਿਹਾ Music is not an entertainment, it is a real spritual

practice

ਤਬਲਾ ਵਾਦਨ ਦੇ ਖੇਤਰ ਵਿਚ ਨਾਮਵਰ ਪੰਡਤ ਲਛਮਣ ਸਿੰਘ 'ਸੀਨ' ਮੌਜੂਦਾ ਸਮੇ ਵਿਚ ਅਗਰ ਅਸੀਂ ਇਹ ਕਹੀਏ ਕਿ ਪੰਜਾਬ ਘਰਾਣਾ (ਤਬਲਾ-ਵਾਦਨ) ਦੇ ਭੀਸ਼ਮ-ਪਿਤਾਮਾ ਹਨ ਤਾਂ ਕੋਈ ਅਤੀਕਥਨੀ ਨਹੀ ਹੋਵੇਗੀ।

ਮੈਨੂੰ ਇਹਨਾਂ ਦੇ ਹੀ ਵਿਚਾਰਾਂ ਤੋਂ ਇਹ ਲੇਖ ਲਿਖਣ ਦੀ ਪ੍ਰੇਰਣਾ ਮਿਲੀ। ਪੰਡਿਤ ਜੀ ਦੇ ਵਿਚਾਰਾਂ ਵਿਚ 'ਸੰਗੀਤ ਵਿਚ ਹਵਾ ਅਤੇ ਸਮੇ ਨੂੰ ਬੰਨ੍ਹ ਲੈਣ ਦੀ ਸ਼ਕਤੀ ਮੌਜੂਦ ਹੈ'।

ਇਸੇ ਪ੍ਰਕਾਰ ਸੰਗੀਤ ਸਾਧਨਾ ਦੇ ਸੰਬੰਧ ਵਿਚ ਇਕ ਹੋਰ ਉਦਾਹਰਣ ਇਕ ਵਾਰ ਕਿਸੇ ਇੰਟਰਵੀਊ ਵਿਚ ਪੰਡਿਤ ਭੀਮ ਸੈਨ ਜੋਸ਼ੀ ਜੀ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਪੰਡਿਤ ਜੀ ਗਾਇਨ ਦੇ ਸਮੇ ਆਪ ਜੀ ਜੋ ਤਾਨ ਲੈਂਦੇ ਹੋ, ਉਹ ਬਹੁਤ ਹੀ ਸਪਸ਼ਟ ਅਤੇ ਤਿਆਰ ਹੁੰਦੀ ਹੈ। ਇਸ ਦਾ ਮੁੱਖ ਕਾਰਨ ਕੀ ਹੈ? ਤਾਂ ਪੰਡਿਤ ਜੀ ਨੇ ਉੱਤਰ ਦਿੱਤਾ ਕਿ 'ਸੰਗੀਤ ਸਾਧਨਾ ਕਰਦੇ ਸਮੇ ਮੈਂ ਇਕ ਤਾਨ ਦੇ ਆਰੋਹ ਨੂੰ ਪੰਜ ਸੌ ਵਾਰ ਅਤੇ ਉਸੇ ਹੀ ਤਾਨ ਦੇ ਅਵਰੋਹ ਨੂੰ 500, ਪੰਜ ਸੌ ਵਾਰ ਲੈਂਦਾ ਹਾਂ, ਇਸ ਦਾ ਜੋ ਨਤੀਜਾ ਹੈ, ਉਹ ਆਪ ਦੇ ਸਾਹਮਣੇ ਹੈ।'

ਸੰਗੀਤ ਦੇ ਪ੍ਰਤੀ ਸੱਚੀ ਸ਼ਰਧਾ ਰੱਖਣ ਵਾਲੇ ਕਲਾਕਾਰਾਂ ਚੋਂ ਆਗਰਾ ਘਰਾਣੇ ਦੇ ਉਸਤਾਦ ਫਿਆਜ਼ ਖਾਂ ਸਾਹਿਬ ਨੇ ਵੀ ਫੁਰਮਾਇਆ ਸੀ ਕਿ 'ਮੈਨੇ ਇਸ ਜਨਮ ਵਿਚ ਕੇਵਲ 'ਸਾ' ਸਵਰ ਨੂੰ ਹੀ ਪਹਿਚਾਣਿਆ ਹੈ।'

ਸਾਡੇ ਅੰਦਰ ਵੀ ਸੰਗੀਤ ਦੇ ਪ੍ਰਤੀ ਅਤੇ ਗੁਰਮਤਿ ਸੰਗੀਤ ਦੇ ਪ੍ਰਤੀ ਸੱਚੀ ਸ਼ਰਧਾ ਪੈਦਾ ਹੋਵੇ। ਗੁਰਮਤਿ ਸੰਗੀਤ ਅਤੇ ਭਾਰਤੀਯ ਸ਼ਾਸ਼ਤਰੀਯ ਸੰਗੀਤ ਕੇਵਲ ਭਾਰਤ ਵਰਸ਼ ਵਿਚ ਹੀ ਨਹੀ ਬਲਕਿ ਅੰਤਰ-ਰਾਸ਼ਟਰੀਯ ਪੱਧਰ ਤੱਕ ਆਪਣਾ ਸਫਰ ਤੈਅ ਕਰਨ ਮੇਰੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ।

# ਗੁਰੂ ਘਰ ਦੇ ਪੁਰਾਤਨ ਰਬਾਬੀ ਤੇ ਰਾਗੀ (ਇਤਿਹਾਸਕ ਵਿਰਸੇ ਦੇ ਪੱਖੋਂ)

ਜਗਤੇਸ਼ਵਰ ਸਿੰਘ : 726, ਅਰਬਨ ਅਸਟੇਟ-2, ਡੁਗਰੀ (ਲੁਧਿਆਣਾ)

ਜਿਵੇਂ ਤਬਲਾ ਵਜਾਉਣ ਵਾਲੇ ਨੂੰ ਤਬਲਚੀ ਆਖ ਲਈਦਾ ਹੈ। ਤਿਵੇਂ ਰਬਾਬ ਨੂੰ ਵਜਾਉਣ ਵਾਲੇ ਨੂੰ ਰਬਾਬੀ ਕਹਿ ਕੇ ਬੁਲਾਇਆ ਜਾਂਦਾ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਧੁਰੋਂ ਆ ਰਹੀ ਰੱਬੀ ਬਾਣੀ ਦੀ ਲਹਿਰ ਉਠਦੀ ਸੀ ਤਾਂ ਉਹ ਇਸ ਇਲਾਹੀ ਬਾਣੀ ਨੂੰ ਦਰਗਾਹੋਂ ਆਏ ਸੰਕੇਤ ਅਨੁਸਾਰ ਕਿਸੇ ਰਾਗ ਵਿਚ ਗਾ ਉਠਦੇ ਸਨ ਜਾਂ ਅਲਾਪ ਦੇਂਦੇ ਸਨ। ਭਾਈ ਮਰਦਾਨਾ ਜਦੋਂ ਗੁਰੂ ਸਾਹਿਬ ਦੇ ਨਾਲ ਹੁੰਦਾ ਸੀ ਤੇ ਉਸ ਦੇ ਹੱਥ ਵਿਚ 'ਰਬਾਬ' ਨਾਮਕ ਤੰਤੀ ਸਾਜ਼ ਹੁੰਦਾ ਸੀ ਤਾਂ ਗੁਰੂ ਮਹਾਰਾਜ ਦਾ ਹੁਕਮ ਸੁਣਕੇ ਉਸੇ ਰਾਗ ਦੀਆਂ ਸੁਰਾਂ ਛੇੜ ਦੇਂਦਾ ਸੀ। ਸਾਹਿਬਾਂ ਦੀ ਅਤਿਅੰਤ ਸੁਰੀਲੀ ਆਵਾਜ਼ ਵਿਚ ਉਨ੍ਹਾਂ ਦੀ ਗਾਈ ਜਾਂ ਇਲਾਹੀ ਬਾਣੀ ਨੂੰ ਸੁਣਕੇ ਕੀ ਮਨੁੱਖ ਤੇ ਕੀ ਹੋਰ ਜੀਵ ਜੰਤ ਸਭ ਮੋਹੇ ਜਾਂਦੇ ਸਨ ਅਥਵਾ ਕੀਲੇ ਜਾਂਦੇ ਸਨ ਅਤੇ ਗੁਰੂ ਕੇ ਸਿੱਖ ਹੋ ਨਿਤਰਦੇ ਸਨ।

ਭਾਈ ਮਰਦਾਨਾ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿੰਡ 'ਰਾਏ ਭੋਏ ਦੀ ਤਲਵੰਡੀ' ਦੇ ਰਹਿਣ ਵਾਲਾ ਸੀ। ਇਹ ਮੁਸਲਮਾਨ ਦੇ ਘਰ ਸੰਮਤ 1516 ਵਿਚ ਜਨਮਿਆ ਸੀ। ਇਸ ਦਾ ਪਿਤਾ ਬਾਦਰ ਮਿਰਾਸੀ ਸੀ ਅਤੇ ਮਾਤਾ ਦਾ ਨਾਮ ਲੱਖੋ ਸੀ। ਮਰਦਾਨੇ ਦਾ ਅਸਲੀ ਨਾਮ 'ਦਾਨਾ' ਸੀ। ਪਰ ਇਸ ਦੀ ਮਾਂ ਇਸ ਨੂੰ 'ਮਰ ਜਾਣਿਆ' ਕਹਿ ਕੇ ਬੁਲਾਉਂਦੀ ਸੀ। ਉਹ ਬੜੀ ਉਦਾਸ ਤੇ ਭੈ ਭੀਤ ਰਹਿੰਦੀ ਸੀ ਕਿਉਂਕਿ 'ਦਾਨੇ' ਤੋਂ ਪਹਿਲਾਂ ਲੱਖੋ ਦੇ ਸਾਰੇ ਪੁੱਤਰ ਛੋਟੀ ਉਮਰ ਵਿਚ ਹੀ ਮਰ ਜਾਂਦੇ ਰਹੇ ਸਨ। ਇਸ ਦੀ ਇਹ ਹਾਲਤ ਦੇਖ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖ ਦਿੱਤਾ ਕਿ ਇਹ ਨਹੀਂ ਮਰਦਾ। ਲੱਖੋ ਦੇ ਇਸ ਪੁੱਤਰ ਨੂੰ ਸਭ "ਮਰਦਾ-ਨਾ" ਕਹਿਣ ਲੱਗ ਪਏ ਤੇ ਸੀਨਾ ਬਸੀਨਾ ਆਈ ਰਵਾਇਤ ਅਨੁਸਾਰ ਇਸ ਦਾ ਨਾਮ ਮਰਦਾਨਾ ਪਰਚੱਲਤ ਹੋ ਗਿਆ।

ਮਰਦਾਨਾ ਉਮਰ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਵੱਡਾ ਸੀ। ਗੁਰੂ ਸਾਹਿਬ ਇਸਨੂੰ ਆਪਣਾ ਸਿੱਖ ਸਾਥੀ ਤੇ ਰਬਾਬੀ ਤੇ ਮਿੱਤਰਾਂ ਵਾਲਾ ਪਿਆਰ ਕਰਦੇ ਸਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੇਸ ਪਰਦੇਸ ਯਾਤਰਾ ਸਮੇਤ ਮਰਦਾਨਾ ਕੋਈ ਲੱਗਭਗ 55 ਸਾਲ ਉਨ੍ਹਾਂ ਦੇ ਨਾਲ (ਹਜ਼ੂਰੀ ਵਿਚ) ਰਿਹਾ ਹੈ। ਗੁਰੂ ਸਾਹਿਬ ਦੇ ਇਤਨਾ ਨਿਕਟੀ ਸੇਵਕ, ਮਿੱਤਰ ਅਤੇ ਕੀਰਤਨੀਆ ਹੋਣ ਕਾਰਨ ਭੀ ਮਰਦਾਨੇ ਨੂੰ ਭਾਈ ਪਦ ਦੀ ਪਰਾਪਤੀ ਹੋਈ ਹੈ। ਸਿੱਖਾਂ ਅੰਦਰ ਇਸ ਨੂੰ ਹਮੇਸ਼ਾ 'ਭਾਈ ਮਰਦਾਨਾ' ਕਹਿ ਕਿ ਯਾਦ ਕੀਤਾ ਜਾਂਦਾ ਹੈ।

ਭਾਈ ਮਰਦਾਨਾ ਜੀ ਦੇ ਤਿੰਨ ਸਲੋਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਬਿਹਾਗੜੇ ਦੀ ਵਾਰ' ਵਿਚ ਪੰਨਾ 553 ਵਿਚ ਦਰਜ ਹਨ। ਭਾਈ ਮਰਦਾਨਾ ਕੇਵਲ ਇਕੋ ਇਕ ਗੁਰਸਿੱਖ ਹੈ ਜਿਸ ਨੂੰ ਆਪਣੀ ਬਾਣੀ ਵਿਚ 'ਨਾਨਕ' ਪਦ ਦੇ ਤਖਲਸ ਹੇਠ ਬਾਣੀ ਲਿਖਣ ਦਾ ਮਾਣ ਪ੍ਰਾਪਤ ਹੈ।

ਭਾਈ ਮਰਦਾਨਾ ਜੀ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ 19 ਰਾਗਾਂ ਵਿਚ ਰਬਾਬ ਉੱਪਰ ਸੰਗਤ ਕੀਤੀ ਹੈ ਅਤੇ ਇਨ੍ਹਾਂ ਨੂੰ ਗੁਰੂ ਘਰ ਦਾ ਪਹਿਲਾ ਰਬਾਬੀ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਮਰਦਾਨਾ ਜੀ ਦਾ ਦਿਹਾਂਤ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਦਰਿਆ ਕੁਰਮ ਦੇ ਕਿਨਾਰੇ, ਕੁਰਮ ਸ਼ਹਿਰ ਵਿਚ ਹੋਇਆ। ਇਨ੍ਹਾਂ ਦੀ ਦੇਹ ਦਾ ਅੰਤਮ ਸੰਸਕਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਹਥੀਂ ਕੀਤਾ।

ਭਾਈ ਮਰਦਾਨਾ ਜੀ ਤੋਂ ਬਾਅਦ ਉਨ੍ਹਾਂ ਦੀ ਸੰਪਰਦਾ ਵਿਚੋਂ ਗੁਰੂ ਘਰ ਅੰਦਰ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਮੁਸਲਮਾਨਾਂ ਨੂੰ ਸਤਿਕਾਰ ਨਾਲ ਗੁਰੂ ਘਰ ਦੇ 'ਰਬਾਬੀ' ਕਹਿ ਕਿ ਬੁਲਾਇਆ ਗਿਆ ਹੈ। 'ਰਬਾਬੀ' ਹੋਣਾ ਇਕ ਗੁਣਵਾਨ ਖਿਤਾਬ (ਪਦਵੀ) ਸੀ ਤੇ ਹੁਣ ਭੀ ਹੋਣੀ ਉਚਿਤ ਹੈ।

ਜਿਨਾਂ ਮੁਸਲਮਾਨ ਰਬਾਬੀਆਂ ਨੇ ਗੁਰੂ ਘਰ ਵਿਚ ਅਥਵਾ ਹਰਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਕੀਰਤਨ ਕੀਤਾ ਹੈ। ਜ਼ਰੂਰੀ ਨਹੀਂ ਕਿ ਉਹ ਕੇਵਲ ਰਬਾਬ ਦੇ ਵਜੰਤਰੀ ਹੋਏ ਹਨ। ਉਨ੍ਹਾਂ ਵਿਚ ਕਈਆਂ ਨੇ ਢਾਡੀਆਂ ਵਾਲੀ ਸਾਰੰਗੀ ਤੇ ਸਿਰੰਦੇ ਵੀ ਵਜਾਏ ਹਨ। (ਤੇ ਪਿਛਲੀ ਸਦੀ ਵਿਚ ਤਾਂ ਹਰਮੋਨੀਅਮ ਵੀ ਵਰਤਿਆ ਹੈ।) ਕੁਝ ਕੁ ਸੁਪ੍ਰਸਿੱਧ ਰਬਾਬੀਆਂ ਦਾ ਵੇਰਵਾ ਅੱਗੇ ਚੱਲ ਕੇ

ਆਵੇਗਾ।

**ਭਾਈ ਸਜਾਦਾ-** ਭਾਈ ਮਰਦਾਨੇ ਦਾ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਵਾਰ ਸਮੇਤ, ਆਪਣੇ ਪਿਤਾ, ਭਾਈ ਮਰਦਾਨੇ ਜੀ ਦੀ ਸਮਾਧ, ਜੋ ਅਫਗਾਨਸਤਾਨ ਦੇ ਕੁਰਮ ਸ਼ਹਿਰ ਵਿਚ ਮੰਨੀ ਜਾਂਦੀ ਹੈ, ਜਾ ਵਸਿਆ ਸੀ।

**ਭਾਈ ਸਾਦੂ ਤੇ ਭਾਈ ਬਾਦੂ-** ਮਰਦਾਨੇ ਦੇ ਪੋਤਰੇ ਸਨ। ਪੁਸਤਕ "ਸ੍ਰੀ ਅੰਮ੍ਰਿਤਸਰ ਦੇ ਦਰਸ਼ਨ..." ਕਿਰਤ ਸ. ਸਤਨਾਮ ਸਿੰਘ ਖਾਲਸਾ ਐਡਵੋਕੇਟ ਅਨੁਸਾਰ ਹਰਮੰਦਰ ਸਾਹਿਬ ਵਿਚ ਕੀਰਤਨ ਕੀਤਾ ਹੈ।

ਅੰਮ੍ਰਿਤਸਰ ਸ਼ਹਿਰ ਵਸਾਉਂਦਿਆਂ ਉਥੇ ਉਨ੍ਹਾਂ ਦੋ ਬਜ਼ਾਰਾਂ, ਗਲੀਆ ਤੇ ਮੁਹੱਲਿਆਂ ਦਾ ਨਾਮ ਕਿਰਤ ਅਨੁਸਾਰ ਜਾਂ ਕਿਰਤੀਆਂ ਅਨੁਸਾਰ ਰੱਖਿਆ ਗਿਆ ਸੀ। ਜਿਵੇਂ ਜਿਥੇ ਕਾਠੀਆਂ ਬਣਦੀਆਂ ਸਨ ਉਹ 'ਕਾਠੀਆ ਵਾਲਾ ਬਜ਼ਾਰ' ਪ੍ਰਸਿੱਧ ਹੋਇਆ। ਇਵੇਂ ਹੀ ਲੂਣ ਮੰਡੀ, ਆਟਾ ਮੰਡੀ, ਘਿਉ ਮੰਡੀ ਆਦਿ ਬਜ਼ਾਰਾਂ ਦੇ ਨਾਮ ਪ੍ਰਸਿੱਧ ਹੋਏ। ਤਰਖਾਣਾ ਦੀ ਗਲੀ, ਮੋਚੀ ਬਜ਼ਾਰ, ਘੜਿਆਲਿਆਂ ਦੀ ਗਲੀ ਆਦਿ ਨਾਲ ਇਕ ਰਬਾਬੀਆਂ ਦੀ ਗਲੀ ਵੀ ਗੁਰੂ ਕਿ ਮੁਹੱਲੇ ਦੇ ਨੇੜੇ ਬਣਾ ਦਿੱਤੀ ਸੀ। ਸ਼ਾਇਦ ਇਥੇ ਪਹਿਲਾਂ ਰਬਾਬੀ ਵੱਸਦੇ ਹੋਣਗੇ। ਅੰਮ੍ਰਿਤਸਰ ਦੇ ਨਿਵਾਸੀ ਵਧੇਰੇ ਦੱਸ ਸਕਣਗੇ।

***ਸਤਾ ਤੇ ਬਲਵੰਡ*** - ਇਹ ਰਬਾਬੀ ਦੋਨੋ ਭਰਾ ਸਨ। ਇਹ ਦੂਸਰੀ ਪਾਤਸ਼ਾਹੀ ਤੋਂ ਲੈ ਕੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੇ ਕੀਰਤਨੀਏ ਹੋਏ ਹਨ। ਬਦਕਿਸਮਤੀ ਕਾਰਨ ਕਿਸੇ ਸਮੇਂ ਇਨ੍ਹਾਂ ਨੂੰ ਆਪਣੇ ਤੇ ਅਭਿਮਾਨ ਹੋ ਗਿਆ। ਲਾਲਚ ਵੱਸ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਰੁਸ ਗਏ ਤੇ ਕੀਰਤਨ ਕਰਨ ਤੋਂ ਨਾਹ ਕਰ ਗਏ। ਸਤਿਗੁਰਾਂ ਨੇ ਇਨ੍ਹਾਂ ਨੂੰ ਕੀਰਤਨ ਕਰਨ ਵਾਸਤੇ ਕੁਝ ਪਤਵੰਤੇ ਗੁਰ ਸਿੱਖਾਂ ਨੂੰ ਇਨ੍ਹਾਂ ਪਾਸ ਭੇਜਿਆ ਕਿ ਆ ਕੇ ਕੀਰਤਨ ਕਰਨ, ਪਰ ਉਹ ਨਹੀਂ ਆਏ। ਫੇਰ ਸਤਿਗੁਰ ਜੀ ਆਪ ਚੱਲਕੇ ਇਨ੍ਹਾਂ ਦੇ ਪਾਸ ਗਏ ਤਾਂ ਅੱਗੋਂ ਦੋਵੇਂ ਭਰਾਵਾਂ ਨੇ ਬੜੇ ਕੌੜੇ ਬਚਨ ਬੋਲੇ। ਸਤਿਗੁਰਾਂ ਨੇ ਆਪਣੇ ਬਾਰੇ ਇਹ ਸਭ ਸਹਾਰ ਲਏ ਪਰ ਜਦੋਂ ਇਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿੰਦਿਆ ਕੀਤੀ ਤਾਂ ਸਤਿਗੁਰੂ ਜੀ ਇਹ ਸਹਿ ਨਾ ਸਕੇ। ਇਤਨਾ ਕਹਿ ਕਿ ਉਠ ਆਏ ਕਿ 'ਇਹ ਫਿਟ ਗਏ ਹਨ'। ਸੱਚਮੁੱਚ ਐਸਾ ਹੀ ਹੋਇਆ ਇਹ ਦੋਨੋਂ ਕੋਹੜ ਦੇ ਰੋਗ ਨਾਲ ਗ੍ਰਸੇ ਗਏ, ਘਰ ਵਿਚ ਅਤਿ ਦੀ ਗਰੀਬੀ ਛਾ ਗਈ ਭੁੱਖ ਨੰਗ ਵਰਤ ਗਈ। ਆਖਿਰਕਾਰ ਉਨ੍ਹਾਂ ਨੇ ਆਪਣੀ ਭੁਲ ਦਾ ਪਛਤਾਵਾ ਕੀਤਾ। ਇਨ੍ਹਾਂ ਦਾ ਧਿਆਨ ਵਿਚ ਇਕ ਪਰਉਪਕਾਰੀ ਸਿੱਖ ਵੱਲ ਗਿਆ। ਇਹ ਲਾਹੌਰ ਦਾ ਰਹਿਣ ਵਾਲਾ ਸੀ। ਇਸਦਾ ਨਾਮ ਭਾਈ ਲਧਾ ਸੀ। ਉਸ ਪਾਸ ਜਾ ਕੇ ਦੋਨੋਂ ਭਰਾਵਾਂ ਨੇ ਫਰਿਆਦ ਕੀਤੀ ਕਿ ਸਾਨੂੰ ਗੁਰੂ ਸਾਹਿਬ ਕੋਲ ਲਿਜਾਣ ਤੇ ਸਾਡੀ ਭੁਲ ਦੀ ਮੁਆਫੀ ਦੀ ਸਿਫਾਰਸ਼ ਕਰਨ। ਉਸ ਨੇ ਗੁਰੂ ਸਾਹਿਬ ਕੋਲ ਜਾ ਕੇ ਇਨ੍ਹਾਂ ਰਬਾਬੀਆਂ ਨੂੰ ਖਿਮਾ ਕਰ ਦੇਣ ਦੀ ਸਿਫਾਰਸ਼ ਕੀਤੀ। ਸਤਾ ਤੇ ਬਲਵੰਡ ਨੇ ਜਿਸ ਮੂੰਹ ਨਾਲ ਗੁਰੂ ਸਾਹਿਬ ਦੀ ਨਿੰਦਿਆ ਕੀਤੀ ਸੀ, ਉਹ ਮੁਆਫੀ ਮੰਗਦੇ ਪੁਕਾਰ ਉੱਠੇ।

*ਤੁਧ ਡਿਠੇ ਸਚੇ ਪਾਤਿਸ਼ਾਹ*
*ਮਲ ਜਨਮ ਜਨਮ ਦੀ ਕਟੀਐ॥*

ਗੁਰੂ ਉਸਤਿਤ ਵਿਚ ਇਨ੍ਹਾਂ ਭਰਾਵਾਂ ਨੇ 8 ਪਉੜੀਆਂ ਦੀ ਇਕ ਵਾਰ ਰਚੀ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੬੬/੧੪੩੦) ਤੇ ਇਸ ਸਿਰਲੇਖ ਹੇਠਾਂ ਦਰਜ ਹੈ :

"ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ... ਆਖੀ॥"

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਬੀਕਾਨੇਰੀ ਸਿਰੰਦਾ ਰਚਿਆ ਸੀ ਤੇ ਇਸ ਸਰੰਦੇ ਨੂੰ ਬਲਵੰਡ ਬਹੁਤ ਵਧੀਆ ਵਜਾਉਂਦਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਹੁਣ ਸਿੱਖ ਕੀਰਤਨ ਕਰਨ ਲੱਗ ਪਏ ਸਨ। ਇਨ੍ਹਾਂ ਵਿਚ ਕੀਰਤਨ ਅਤੇ ਰਾਗ ਪਰਚਾਰ ਹੋਇਆ। ਗੁਰਸਿੱਖਾਂ ਅੰਦਰ ਕੀਰਤਨ ਕਰਨ ਵਾਲਿਆਂ ਦੀ ਸੰਪਰਦਾਅ ਤੁਰ ਪਈ। ਜਿਵੇਂ ਗੁਰੂ ਘਰ ਦੇ ਮੁਸਲਮਾਨ ਕੀਰਤਨੀਏ ਰਬਾਬੀ ਹੋ ਕੇ ਪ੍ਰਸਿੱਧ ਹੋਏ ਹੁਣ ਗੁਰੂ ਘਰ ਦੇ ਗੁਰਸਿੱਖ ਕੀਰਤਨੀਏ ਰਾਗੀ ਨਾਮ ਨਾਲ ਪ੍ਰਸਿੱਧ ਹੋਣ ਲੱਗੇ ਅਤੇ ਹੋ ਗਏ। ਰਬਾਬੀਆਂ ਦੀ ਰਬਾਬ ਦੀ ਜਗ੍ਹਾ ਪੰਚਮ ਪਾਤਸ਼ਾਹ ਦਾ ਸਿਰਜਿਆ 'ਸਰੰਦਾ' ਪਰਚਲਤ ਹੋਇਆ ਅਤੇ ਮਿਰਦੰਗ ਦੀ ਥਾਂ ਜੋੜੀ (ਤਬਲੇ) ਨੇ ਲੈ ਲਈ। ਰਾਗੀਆਂ ਦੇ ਸਾਜ਼ ਵੀ ਰਬਾਬੀਆਂ ਤੋਂ ਭਿੰਨ ਹੋ ਗਏ।

***ਭਾਈ ਬਾਬਕ ਜੋਧਾ-*** ਬਾਬਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਰਬਾਬੀ ਸੀ। ਰਬਾਬੀ ਹੋਣ ਤੋਂ ਛੁਟ ਇਹ ਤਕੜਾ ਘੋੜ ਸਵਾਰ ਵੀ ਸੀ। ਜਦੋਂ ਮੁਗਲਾਂ ਨੇ ਛੇਵੀਂ ਪਾਤਸ਼ਾਹੀ ਉਪਰ ਲਾਹੌਰ ਦੀ ਫੌਜ ਚੜਕੇ ਆ ਰਹੀ ਸੀ ਤਾਂ ਉਨ੍ਹਾਂ ਦਿਨਾਂ ਵਿਚ ਪਾਤਸ਼ਾਹ ਦੀ ਬੇਟੀ ਬੀਬੀ ਵੀਰੋ ਜੀ ਦਾ ਵਿਆਹ ਰਚਿਆ ਹੋਇਆ

ਸੀ। ਸੋ ਗੁਰੂ ਮਹਾਰਾਜ ਨੇ ਬੀਬੀ ਵੀਰੋ ਜੀ ਨੂੰ ਅੰਮ੍ਰਿਤਸਰੋ ਝਬਾਲ ਭੇਜ ਦਿੱਤਾ ਸੀ। ਬਾਬਕ ਰਬਾਬੀ ਜੋਧਾ ਬੀਬੀ ਜੀ ਨੂੰ ਆਪਣੀ ਨਿਗਰਾਨੀ ਹੇਠਾਂ ਝਬਾਲ ਛੱਡਣ ਨਾਲ ਗਿਆ ਸੀ।

***ਭਾਈ ਅਬਦੁੱਲਾ ਤੇ ਨਥ ਮਲ-*** ਇਹ ਦੋ ਰਬਾਬੀ ਛੇਵੀਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਦੇ ਰਬਾਬੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਦਾ ਕੀਰਤਨ ਕਰਦੇ ਸਨ। ਇਹ ਆਪ ਚੰਗੇ ਕਵੀ ਵੀ ਸਨ ਤੇ ਆਪਣੀਆਂ ਰਚੀਆਂ ਵਾਰਾਂ ਵੀ ਸਿੱਖ ਫੌਜੀਆਂ ਨੂੰ ਉਨ੍ਹਾਂ ਅੰਦਰ ਬਹਾਦਰੀ ਤੇ ਜੋਸ਼ ਭਰਨ ਲਈ ਸੁਣਾਇਆ ਕਰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ, ਇਕ ਮੀਰੀ ਦੀ ਤੇ ਇਕ ਪੀਰੀ ਦੀਆਂ ਪਹਿਨ ਲਈਆਂ ਤਾਂ ਇਸ ਨੂੰ ਆਪਣੀ ਰਚਨਾ ਵਿਚ ਭਾਈ ਅਬਦੁਲਾ ਨੇ ਇੰਜ ਉਚਾਰਿਆ।

***ਦੋ ਤਲਵਾਰਾਂ ਬੱਧੀਆਂ***
***ਇਕ ਮੀਰੀ ਦੀ ਇਕ ਪੀਰ ਦੀ***
***ਇਕ ਅਜ਼ਮਤ ਦੀ ਇਕ ਰਾਜ ਦੀ***
***ਇਕ ਰਾਖੀ ਕਰੇ ਵਜੀਰ ਦੀ।***

***ਭਾਈ ਅਤਰਾ ਤੇ ਹੋਰ ਰਬਾਬੀ-*** ਮੁਸਲਮਾਨ ਰਬਾਬੀਆਂ ਦੀ ਸੂਚੀ ਵਿਚ ਭਾਈ ਮਰਦਾਨਾ ਜੀ ਤੋਂ ਛੁਟ ਭਾਈ ਸਜਾਦਾ, ਸਾਦੂ ਤੇ ਬਾਦੂ, (ਭਾਈ ਮਰਦਾਨਾ ਜੀ ਦੇ ਪੋਤਰੇ), ਸਤਾ ਤੇ ਬਲਵੰਡ, ਬਾਬਕ, ਅਬਦੁਲਾ ਤੇ ਨਥਾ, ਭਾਈ ਝਾਬੂ, ਮੁਕੰਦ, ਕਦਾਰਾ ਆਦਿ ਹਨ। ਇਨਾਂ ਤੋਂ ਛੁਟ ਹੋਰ ਜੋ ਪਿਛਲੀ ਸਦੀ ਦੇ ਰਬਾਬੀਆਂ, ਵਿਚੋਂ ਸਾਂਈ ਦਿੱਤਾ, ਦੇਸਾ ਭਾਈ ਚਾਂਦ ਤੇ ਭਾਈ ਲਾਲ ਅਤੇ ਹੋਰ ਵੀ ਪ੍ਰਸਿੱਧ ਰਬਾਬੀ ਸਨ।

***ਸ੍ਰੀ ਹਰਿਮੰਦਰ ਸਾਹਿਬ ਦਾ ਆਖਰੀ ਰਬਾਬੀ ਭਾਈ ਚਾਂਦ-*** ਭਾਈ ਮਰਦਾਨਾ ਜੀ ਸਿੱਖ ਧਰਮ ਦੇ ਪ੍ਰਥਮ ਸਭ ਤੋਂ ਪਹਿਲੇ ਰਬਾਬੀ ਹੋਏ ਹਨ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਕੀਰਤਨ ਕਰਨ ਵਾਲਿਆਂ ਵਿਚੋਂ ਅਖੀਰਲੇ ਮੁਸਲਮਾਨ ਰਬਾਬੀ ਦਾ ਨਾਮ 'ਭਾਈ ਚਾਂਦ' ਕਰਕੇ ਪ੍ਰਸਿੱਧ ਸੀ। ਇਨਾਂ ਦੇ ਪਿਤਾ ਦਾ ਘਰ ਲਾਹੌਰ ਵਿਚ 'ਸ਼ਾਲਮੀ ਗੇਟ' ਤੇ ਸੀ।

ਮੈਨੂੰ ਭਾਈ ਚਾਂਦ ਰਬਾਬੀ ਨੂੰ ਬਚਪਨ ਤੋਂ ਹੀ ਕੋਈ 13-14 ਸਾਲ ਦੀ ਉਮਰ ਸੁਨਣ ਦਾ ਅਉਸਰ ਮਿਲਦਾ ਰਿਹਾ ਹੈ। ਜਦੋਂ ਭਾਈ ਚਾਂਦ ਨੇ ਸ਼ਾਮੀ ਚਾਰ ਕੁ ਵਜੇ ਕੀਰਤਨ ਕਰਨਾ ਹੁੰਦਾ ਸੀ ਤਾਂ ਦਰਬਾਰ ਸਾਹਿਬ ਦੇ ਅੰਦਰ-ਬਾਹਰ ਛੋਟੀਆਂ ਪਰਕਰਮਾ ਵਿਚ ਅਤੇ ਪੁਲ ਤੇ ਸੰਗਤਾਂ ਨਾਲ ਜਗਾ ਭਰ ਜਾਂਦੀ ਸੀ। ਭਾਈ ਚਾਂਦ ਨੇ ਜਦੋਂ ਕੀਰਤਨ ਸ਼ੁਰੂ ਕਰਨਾ ਤਾਂ ਰਾਗ ਦੇ ਅਲਾਪ ਵਿਚ ਮੰਗਲਾ ਚਰਨ ਨੂੰ ਉਚਾਰਨਾ, ਜੋੜੀ ਵਾਲੇ ਨੇ ਬਹੁਤ ਧੀਮੀ ਲੈਅ ਵਿਚ ਚਾਰ ਤਾਲ ਜਾਂ ਝਪਤਾਲ ਵਜਾਉਂਦੇ ਰਹਿਣਾ ਕਈ ਵਾਰੀ ਪਤਾ ਹੀ ਨਾ ਲੱਗਣਾ ਕਿ ਕਦੋਂ ਅਚਨਚੇਤ ਹੀ ਮੰਗਲਾਂ ਚਰਨ ਦੀ ਸਮਾਪਤੀ 'ਠਾਹ' ਕਰਕੇ ਜੋੜੀ ਦੇ ਗੁਰ ਤੇ ਆਕੇ ਸਮਾਪਤ ਹੋ ਜਾਣੀ। ਇਸ ਅਚਨਚੇਤ ਨਾਲੋਂ ਸੁਨਣ ਵਾਲਿਆਂ ਅੰਦਰ ਇਕ ਹੈਰਾਨੀ ਵਾਲੀ ... ਜਿਹੀ ਵੀ ਪੈਦਾ ਹੋ ਜਾਣੀ। ਮੰਗਲਾ ਚਰਨ ਦੇ ਅਖੀਰਲੇ ਅੱਖਰਾਂ ਦੇ ਉਚਾਰਨ ਵਿਚ "ਧੰਨ ਧੰਨ ਰਾਮਦਾਸ ਗੁਰੂ..." ਆਮ ਤੌਰ ਤੇ ਜ਼ਰੂਰੀ ਹੀ ਹੁੰਦਾ ਸੀ। ਅੰਤ 'ਅਨੰਦ ਗੁਣ ਨਿਧਾਨ' ਕਹਿਕੇ ਸਰੋਤਿਆਂ ਨੂੰ ਸਾਹਿਬ ਸ੍ਰੀ ਗੁਰੂ ਰਾਮਦਾਸ ਦੇ ਚਰਨਾਂ ਵਿਚ ਨਾਲ ਜੋੜਨਾ। ਆਰੰਭ ਵਿਚ ਹੀ ਵਜਦ ਵਿਚ ਆ ਜਾਣਾ ਅਤੇ ਕੀਰਤਨ ਦਾ ਸ਼ਬਦ ਸ਼ੁਰੂ ਕਰਨਾ। ਭਾਵੇਂ ਸ਼ਬਦ ਦੀ ਅਸਥਾਈ ਰਾਗ ਦੀਆਂ ਮਰੋੜਾਂ ਤਰੋੜਿਆਂ ਵਿਚ ਗਾਈ ਜਾ ਰਹੀ ਹੋਵੇ। ਅਸਥਾਈ ਦੇ ਅੱਖਰਾਂ ਨੂੰ ਧੁੰਧਲਾ ਨਹੀਂ ਹੋਣ ਦੇਣਾ। ਤੁਕ ਦਾ ਇਕੱਲਾ ਇਕੱਲਾ ਅੱਖਰ ਸਮਝ ਵਿਚ ਆਉਂਦਾ ਸੀ। ਸ਼ਬਦ ਦੀ ਹਰ ਤੁਕ ਕੇ ਅੱਖਰਾਂ ਨੂੰ ਕਿਵੇਂ ਗੁਰਬਾਣੀ ਦੇ ਪਰਮਾਣਾ ਨਾਲ ਗੁੰਦਣਾ ਹੈ, ਇਹ ਭਾਈ ਚਾਂਦ ਦੀ ਆਪਣੀ ਫਨਕਾਰੀ ਸੀ। ਗੁਰਬਾਣੀ ਇਤਨੀ ਯਾਦ ਸੀ ਕਿ ਪਰਮਾਣਾਂ ਦੀ ਝੜੀ ਲੱਗ ਜਾਂਦੀ ਸੀ। ਪਰਮਾਣ ਉਚਾਰਦਿਆਂ ਥੋੜਾ ਮੂੰਹ ਫੇਰ ਦੇ ਕਦੀ ਸੱਜੇ ਤੇ ਖੱਬੇ ਤੇ ਕਦੀ ਥੋੜਾ ਪਿਛਲੇ ਪਾਸੇ ਬੈਠੀ ਸੰਗਤ ਵੱਲ ਵੀ ਅੱਖਾਂ 'ਚ ਅੱਖਾਂ ਮਿਲਾਕੇ ਦੇਖਣਾ, ਹੱਥਾਂ ਨਾਲ ਇਸ਼ਾਰੇ ਵੀ ਕਰਨੇ ਇਸ ਕੋਸ਼ਿਸ਼ ਵਿਚ ਰਹਿਣਾ ਕਿ ਸੰਗਤਾਂ ਨਾਲ ਅਰਥ ਸਾਂਝੇ ਹੋ ਸਕਣਾ। ਇਥੇ ਇਸ ਗੱਲ ਦੀ ਸਾਂਝ ਕਰਨੀ ਓਪਰੀ ਨਹੀਂ ਹੋਵੇਗੀ ਕਿ ਅੱਜ ਤੋਂ 60-70 ਸਾਲ ਪਹਿਲਾਂ ਕੀਰਤਨੀਆਂ ਨੂੰ ਵੱਧ ਤੋਂ ਵੱਧ ਗੁਰਬਾਣੀ ਕੰਠ ਕਰਨ ਦਾ ਸ਼ੌਕ ਹੁੰਦਾ ਸੀ।

ਉਨ੍ਹਾਂ ਦਿਨਾਂ ਵਿਚ ਸੰਗਤਾਂ ਦਰਬਾਰ ਸਾਹਿਬ ਵਿਚ ਕਰ ਰਹੇ ਕੀਰਤਨੀਆਂ ਦੇ ਗਲਾਂ ਵਿਚ ਸੇਹਰੇ (ਸ਼ਾਇਦ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲਥੇ ਹੋਏ) ਪਾ ਦੇਂਦੇ ਸਨ। ਭਾਈ ਚਾਂਦ ਆਪਣੇ ਆਪ ਨੂੰ ਗੁਰੂ ਦਾ ਕੀਰਤਨੀਆ ਮੰਨਦਾ ਹੋਇਆ ਇਨ੍ਹਾਂ ਸੇਹਰਿਆਂ ਨੂੰ ਗੁਰੂ ਘਰ ਤੋਂ ਮਿਲੀ ਖਿਲਅਤ ਮੰਨ ਕੇ, ਸੇਹਰੇ ਇਕ ਦਮ ਗਲੋਂ ਨਹੀਂ ਸੀ ਉਤਾਰ ਦੇਂਦਾ। ਦਰਸ਼ਨੀ ਡਿਉੜੀ ਤੋਂ ਬਾਹਰ ਪੁਜ ਕੇ ਹੀ ਇਹ ਸੇਹਰੇ ਲਾਹ ਕੇ ਹੱਥ ਵਿਚ ਫੜ ਕੇ ਆਪਣੇ ਨਾਲ ਲੈ ਜਾਂਦਾ ਸੀ। ਜਿਵੇਂ ਅੱਜਕਲ ਦੇ ਫੌਜੀ ਜਾਂ ਖਿਲਾੜੀ

ਆਪਣੇ ਮਿਲੇ ਮੈਡਲਾਂ/ਤਗਮਿਆਂ ਨੂੰ ਫਖਰ ਨਾਲ, ਵਰਦੀ ਤੇ ਲਟਕਾਈ ਰੱਖਦੇ ਹਨ। ਇਵੇਂ ਹੀ ਗੁਰੂ ਕੇ ਕੀਰਤਨੀਏ-ਭਾਈ ਚਾਂਦ ਸਮੇਤ ਬਖਸ਼ਿਸ਼ ਦੇ ਮਿਲੇ ਸੇਹਰੇ ਇਕਦਮ ਗਲੋਂ ਨਹੀ ਸੀ ਉਤਾਰ ਦੇਂਦੇ। ਕੁਝ ਚਿਰ ਲਈ ਫਖਰ ਤੇ ਸ਼ੌਂਕ ਨਾਲ ਪਾਈ ਰੱਖਦੇ ਸਨ।

ਭਾਈ ਚਾਂਦ ਨੂੰ ਸੋਦਰ ਦੀ ਚੌਕੀ ਦੀ ਸਮਾਪਤੀ ਤੇ ਵੀ ਦੇਖਿਆ ਸੁਣਿਆ ਹੈ। ਸੂਰਜ ਛਿਪਣੇ ਵੇਲੇ "ਹਰਿ ਜੁਗੁ ਜੁਗੁ ਭਗਤੁ ਉਪਾਇਆ..." ਵਾਲਾ ਛੰਤ ਪੜਨਾ ਤੇ "ਸੋਦਰੁ ਤੇਰਾ ਕੇਹਾ..." ਵਾਹ ਵਾ "ਜਿਤੁ ਬਹਿ ਸਰਬ ਸਮਾਲੇ॥ ਵਾਜੇ ਤੇਰੇ ਨਾਦ ਅਸੰਖਾ..." ਵਾ ਵਾਹ ਕੇਤੇ ਤੇਰੇ ਵਾਵਣਹਾਰੇ॥" ਅਤੇ ਇਤਿਆਦਿ ਸੋਦਰ ਦੇ ਇਹ ਸ਼ਬਦ, 'ਵਾਹ ਵਾਹ' ਨਾਨਕ ਰਹਣੁ ਰਜਾਈ॥" ਤੁਕ ਪੜ੍ਹਨਾ। ਜਿਵੇਂ ਅੱਜਕਲ ਕੀਰਤਨੀਏ ਤਾਲ ਨੂੰ ਪੂਰਾ ਕਰਨ ਲਈ 'ਆ' 'ਆ' ਜਾਂ 'ਊ' 'ਊ' ਜਾਂ 'ਈ' 'ਈ' ਕਹਿਕੇ ਪੂਰਾ ਕਰਦੇ ਹਨ। ਭਾਈ ਚਾਂਦ ਤੇ ਹੋਰ ਕਈ ਕੀਰਤਨੀਏ ਵੀ ਇਸ ਤਾਲ ਨੂੰ 'ਵਾਹ ਵਾਹ' ਦੇ ਵਿਸਮਾਦੀ ਅੱਖਰ ਨੂੰ ਬੇਝਿਜਕ ਵਰਤ ਕੇ ਪੂਰਾ ਕਰਦੇ ਸਨ। ਇਧਰੋਂ ਸ਼ਬਦ ਚੌਕੀ ਦੀ ਸਮਾਪਤੀ ਹੋਣੀ ਉਧਰੋਂ ਸੋਦਰ ਦਾ ਪਾਠ ਆਰੰਭ ਹੋ ਜਾਣਾ। ਭਾਈ ਚਾਂਦ ਨੇ ਉਠਣ ਤੋਂ ਪਹਿਲਾਂ ਆਪਣੇ ਹੱਥਾਂ ਨਾਲ ਥੋੜਾ ਲੱਤਾਂ ਨੂੰ ਘੁੱਟਣਾ। ਦੋ ਢਾਈ ਘੰਟੇ ਦੀ ਬੈਠਕ ਨਾਲ ਥਕਾਵਟ ਵੀ ਹੋ ਜਾਂਦੀ ਹੋਣੀ ਹੈ। ਫੇਰ ਮੱਥਾ ਟੇਕ ਕੇ ਉਠਣਾ ਤੇ ਤੁਰ ਪੈਣਾ। ਜਦੋਂ ਪੁਲ ਤੋਂ ਲੰਘਗਦੇ ਹੋਣਾ ਤਾਂ ਕਈ ਜਾਣੂਆ ਅਤੇ ਕਈ ਅਨਜਾਣੂਆਂ ਨੇ ਵੀ ਆਦਰ ਜਾਹਰ ਕਰਦੇ ਹੋਏ ਹੱਥ ਜੋੜ ਕੇ ਤੇ ਸਿਰ ਨੀਵਾਂ ਕਰਕੇ ਦਿਲੋਂ 'ਫਤਹਿ' ਬੁਲਾ ਦੇਣੀ।

ਭਾਈ ਚਾਂਦ ਮੁਸਲਮਾਨ ਰਬਾਬੀ ਸੀ। ਦਾਹੜੀ ਦੀ ਪਾਲਣਾ ਕਰਦਾ ਸੀ। ਮੈਂ ਇਸ ਦੇ ਇਕ ਘਰੇਲੂ ਮਿੱਤਰ, ਸ. ਜੁਗਿੰਦਰ ਸਿੰਘ ਫੋਟੋਗ੍ਰਾਫਰ ਨੂੰ ਪੁੱਛਿਆ ਕਿ ਕੀਹ ਭਾਈ ਚਾਂਦ ਦੀ ਦਾਹੜੀ ਸਾਬਤ ਸੀ। ਉਸਨੇ ਦੱਸਿਆ ਕਿ ਭਾਈ ਚਾਂਦ ਦਾਹੜੀ ਬਿਲਕੁਲ ਨਹੀਂ ਸੀ ਕੱਟਦਾ ਕਿਉਂਕਿ ਉਸਨੇ ਹਰਿਮੰਦਰ ਸਾਹਿਬ ਕੀਰਤਨ ਕਰਨਾ ਹੁੰਦਾ ਸੀ। ਤੇ ਹਰਿਮੰਦਰ ਸਾਹਿਬ ਦੀ ਮਰਿਆਦਾ ਅਨੁਸਾਰ ਜਿਸ ਕਿਸੇ ਨੇ ਉਥੇ ਕੀਰਤਨ ਕਰਨਾ ਹੋਵੇ ਉਸ ਦੀ ਦਾਹੜੀ ਸਾਬਤ ਹੋਣੀ ਚਾਹੀਦੀ ਹੈ। ਭਾਈ ਚਾਂਦ ਇਸ ਮਰਯਾਦਾ ਦੀ ਪਾਲਣਾ ਕਰਦਾ ਸੀ।

*ਕੁਝ ਸਿੱਖ ਰਾਗੀ*

**ਭਾਈ ਮਸਾ ਸਿੰਘ :** ਇਤਿਹਾਸ ਵਿਚੋਂ ਜੋ ਸਭ ਤੋਂ ਪੁਰਾਤਨ ਕੀਰਤਨੀਆਂ ਦਾ ਨਾਮ ਮਿਲਿਆ ਹੈ ਉਹ ਭਾਈ ਮਸਾ ਸਿੰਘ ਹੈ। ਇਹ ਬਹੁਤ ਚਿਰ ਤੱਕ ਆਸਾ ਦੀ ਵਾਰ ਦਾ ਕੀਰਤਨ ਦਰਬਾਰ ਸਾਹਿਬ ਕਰਦੇ ਰਹੇ ਹਨ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਦੋਹਤਰੇ ਭਾਈ ਮਨਾ ਸਿੰਘ ਅਤੇ ਅੱਗੋਂ ਉਸ ਦੀ ਉਲਾਦ ਵਿਚ ਭਾਈ ਜੀਤ ਸਿੰਘ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਨਿਭਾਈ ਹੈ ਹਰਿਮੰਦਰ ਸਾਹਿਬ ਵਿਚ।

**ਭਾਈ ਮਣਸਾ ਸਿੰਘ ਜੀ :** ਭਾਈ ਮਣਸਾ ਸਿੰਘ ਨੇ ਮਾ. ਰਣਜੀਤ ਸਿੰਘ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਅਤੇ ਕੀਰਤਨ ਦੀ ਸੇਵਾ ਬੜੇ ਸਿਦਕ ਨਾਲ ਨਿਭਾਈ ਹੈ। ਇਹ ਬੜੇ ਉਚੇ ਤੇ ਸੁੱਚੇ ਜੀਵਨ ਵਾਲੇ ਗਰੀਬ ਸਿੱਖ ਸਨ। ਇਨ੍ਹਾਂ ਨੇ ਮਾ. ਰਣਜੀਤ ਸਿੰਘ ਤੋਂ ਜਗੀਰ ਅਤੇ ਮਾਇਕ ਸਹਾਇਤਾ ਲੈਣ ਤੋਂ ਨਾਂਹ ਕਰ ਦਿੱਤੀ ਸੀ।

**ਸ੍ਰ. ਜੱਸਾ ਸਿੰਘ ਆਹਲੂਵਾਲੀਆ :** ਜੋ ਆਪਣੀ ਆਹਲੂਵਾਲੀਆ ਮਿਸਲ ਦਾ ਸਰਦਾਰ ਸੀ ਆਪਣੀ ਮਾਤਾ ਸਮੇਤ ਮਾਤਾ ਸੁੰਦਰੀ ਜੀ ਪਾਸ ਕੀਤਰਨ ਕਰਦਾ ਸੀ। (ਹਵਾਲਾ, Table Calender 1977, P.S. Bank)

**ਸੰਤ ਬਾਬਾ ਸ਼ਾਮ ਸਿੰਘ ਜੀ :** ਇਕ ਬ੍ਰਹਮ ਗਿਆਨੀ ਦੀ ਪਦਵੀ ਤੇ ਪੁਜੇ ਮਹਾਂਪੁਰਖ ਹੋਏ ਹਨ। ਇਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਤਿਨ "ਤਿੰਨ-ਪਹਿਰੇ' ਦੇ ਕੀਰਤਨ ਦੀ ਸੇਵਾ 78 ਸਾਲ ਕੀਤੀ ਹੈ। ਇਹ ਆਪਣੇ ਸਰੰਦੇ ਨਾਲ ਕੀਰਤਨ ਕਰਦੇ ਸਨ। ਇਨ੍ਹਾਂ ਦੀ ਉਮਰ 125 ਸਾਲ ਹੋਈ ਹੈ ਅਤੇ ਅਖੀਰਲੇ ਸਮੇਂ ਵਿਚ ਗੁਰਬਾਣੀ ਨੂੰ ਯਾਦ ਕਰਨ ਦਾ ਨੇਮ ਨਹੀਂ ਸੀ ਛੱਡਦੇ। ਇਨ੍ਹਾਂ ਦੀ ਧਰਮਸ਼ਾਲਾ ਆਟਾ ਮੰਡੀ, ਸ੍ਰੀ ਅੰਮ੍ਰਿਤਸਰ ਵਿਚ ਹੈ। (ਹਵਾਲਾ ਸੰਤ ਬਾਬਾ-ਭਾਈ ਵੀਰ ਸਿੰਘ ਜੀ)

**ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਰਾਗੀ:** ਰਿਆਸਤ ਕਪੂਰਥਲੇ ਵਿਚ 'ਠਟੇ ਹਿੱਬੇ' ਪਿੰਡ ਦੇ ਸਨ। ਇਹ ਇਕ ਉਚ ਪਦਵੀ ਦੇ ਗੁਰ ਸਿੱਖ ਕੀਰਤਨੀਏ ਸਨ। ਇਨ੍ਹਾਂ ਦੇ ਜਥੇ ਵਿਚ, ਕਿਸੇ ਸਮੇਂ, ਚਾਰ ਤਾਊਸ ਤੇ ਦੋ ਜੋੜੀਆਂ ਵਜਦੀਆਂ ਸਨ। ਇਨ੍ਹਾਂ ਨੇ ਗੁਰਮਤਿ ਦੇ ਉਲਟ ਕਦੀ ਕੋਈ ਗਲ ਨਹੀਂ ਸੀ ਸਹਾਰੀ। ਇਨ੍ਹਾਂ ਦੇ ਸਪੁੱਤਰ ਸੁਪ੍ਰਸਿੱਧ ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਦਾ ਜਥਾ ਦਿੱਲੀ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ।

**ਭਾਈ ਸੰਤਾ ਸਿੰਘ ਜੀ ਰਾਗੀ :** ਆਪ ਨੇ ਬਹੁਤ ਸਮੇਂ ਸ੍ਰੀ ਹਰਮੰਦਰ ਸਾਹਿਬ ਵਿਚ ਕੀਰਤਨ ਕੀਤਾ। ਇਹ ਮੋਰ ਅਥਵਾ ਕੋਇਲ ਵਰਗੀ ਆਵਾਜ਼ ਦੇ ਮਾਲਕ ਸਨ, ਜੋ ਮੱਧ ਸਪਤਕ ਤਕ ਤੋਂ ਛੂਟ ਤਾਰ ਅਤੇ ਮੰਦਰ ਸਪਤਕ ਵਿਚ

ਪੁਜਦੇ ਹੋਏ ਵੀ ਸੁਰ ਵਿਚ ਇਕ ਸਾਰਤਾ ਤੇ ਸਰਲਤਾ ਕਾਇਮ ਰੱਖਦੇ ਸਨ। ਜਨਮ 1902 ਦਾ ਸੀ ਤੇ ਨਵੰਬਰ 1966 ਵਿਚ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਭਰਾ ਭਾਈ ਸਮਸ਼ੇਰ ਸਿੰਘ ਦਿੱਲੀ ਵਾਲੇ ਸੁਪ੍ਰਸਿੱਧ ਕੀਰਤਨੀਏ ਸਨ। ਹੁਣ ਇਨ੍ਹਾਂ ਦਾ ਭਾਣਜੇ ਤੇ ਭਤੀਜੇ ਗੁਰਦੁਆਰਾ ਮੋਤੀ ਬਾਗ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਹਨ।

**ਭਾਈ ਸਮੁੰਦ ਸਿੰਘ ਜੀ ਨਨਕਾਣਾ ਸਾਹਿਬ ਵਾਲੇ :** ਇਹ ਪਹਿਲੇ ਰਾਗੀ ਸਨ। ਜਿਨ੍ਹਾਂ ਨੇ ਅੰਗਰੇਜ਼ਾਂ ਦੇ ਰਾਜ ਸਮੇਂ ਲਾਹੌਰ ਰੇਡੀਓ ਸਟੇਸ਼ਨ ਤੇ ਕੀਰਤਨ ਕੀਤਾ ਸੀ। ਇਹ ਸੁਰ ਦੇ ਸੂਰੇ, ਸੁਰੀਲੇ ਸਨ ਅਤੇ ਤਾਲ ਦੇ ਪੂਰੇ ਸਨ। ਸਾਡੇ ਪਿਤਾ ਜੀ ਪ੍ਰੋ. ਕਰਤਾਰ ਸਿੰਘ ਜੀ ਦੇ ਘਰ ਕਈ ਵਾਰੀ ਠਹਿਰਦੇ ਸਨ।

**ਭਾਈ ਸੁਰਜਨ ਸਿੰਘ :** ਆਪ ਜੀ ਸੂਰਮੇ ਸਿੰਘ ਸਨ, ਸੁਰ ਦੇ ਸੰਪੂਰਨ ਸਨ। ਇਨ੍ਹਾਂ ਪਹਿਲਾਂ ਭਾਈ ਸੰਤਾ ਸਿੰਘ ਜੀ ਦੇ ਜਥੇ ਵਿਚ ਕੀਰਤਨ ਕੀਤਾ ਹੈ। ਜਨਮ 1911 ਦਾ ਏ ਤੇ ਅਕਾਲ ਚਲਾਣਾ 1965 ਵਿਚ ਹੋਇਆ ਹੈ। ਕੀਰਤਨ ਦੀ ਸੇਵਾ ਕੋਈ ਤੀਹ ਸਾਲ ਤਕ ਨਿਭਾਈ ਹੈ।

**ਭਾਈ ਗੁਪਾਲ ਸਿੰਘ ਜੀ :** ਇਹ ਵੀ ਸੂਰਮੇ ਸਿੰਘ ਸਨ। ਕੀਰਤਨਾਂ ਵਿਚ ਬੜੀ ਖਿੱਚ ਤੇ ਕਸ਼ਿਸ਼ ਪੈਦਾ ਕਰਦੇ ਸਨ। ਭਰ ਜਵਾਨੀ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ।

**ਭਾਈ ਬਖਸ਼ੀਸ਼ ਸਿੰਘ ਜੀ :** ਆਪ ਰਾਗ, ਤਾਲ, ਸੁਰ ਤੇ ਗੁਰਬਾਣੀ ਦੀ ਉਚਾਰਨ ਦੀ ਸਰਲਤਾ ਵਿਚ ਨਿਪੁਨ ਸਨ। (ਇਨ੍ਹਾਂ ਦੇ ਸਾਥੀ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਹਨ) ਜਿਨ੍ਹਾਂ ਜਿਨ੍ਹਾਂ ਨੇ ਇਨ੍ਹਾਂ ਪਾਸੋਂ ਇਕ ਵਾਰ ਕੀਰਤਨ ਸੁਣ ਲਿਆ ਸੀ ਉਹ ਬਾਰ ਬਾਰ ਸੁਣਨਾ ਚਾਹੁੰਦਾ ਸੀ।

**ਭਾਈ ਸੁਧ ਸਿੰਘ, ਭਾਈ ਪ੍ਰਧਾਨ ਸਿੰਘ ਜੀ :** ਇਸ ਜਥੇ ਨੇ ਪੰਥ ਵਿਚ ਬੜੀ ਸੇਵਾ ਕੀਤੀ ਹੈ ਤੇ ਮਾਨ ਪ੍ਰਾਪਤ ਕੀਤਾ ਹੈ। ਭਾਈ ਮਖਨ ਸਿੰਘ ਇਨ੍ਹਾਂ ਦੇ ਨਾਲ ਤਾਊਸ ਤੇ ਸੰਗਤ ਕਰਦੇ ਸਨ।

**ਭਾਈ ਊਤਮ ਸਿੰਘ :** ਸਿੰਧ ਦੇ ਇਲਾਕੇ ਤੋਂ ਆਏ ਭਾਈ ਉਤਮ ਸਿੰਘ ਜੀ ਬਹੁਤ ਦਿਲ ਖਿਚਵਾ ਕੀਰਤਨ ਕਰਦੇ ਸਨ। ਇਹ ਸੂਰਮੇ ਸਿੰਘ ਸਨ। ਜਵਾਨੀ ਦੀ ਉਮਰ ਵਿਚ ਪੰਜਾਬ ਆਏ ਸਨ। ਪਹਿਲਾਂ ਇਨ੍ਹਾਂ ਦਾ ਜੱਥਾ ਸੁਤੰਤਰ ਰਿਹਾ ਹੈ ਪਰ ਅਖੀਰ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਲਗ ਪਏ ਸਨ। ਇਨ੍ਹਾਂ ਨੂੰ ਸੁਣਨ ਵਾਸਤੇ ਵੀ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਦੀਆਂ ਸਨ।

**ਭਾਈ ਥਾਵਰ ਸਿੰਘ :** ਆਪ ਜੀ ਵੀ ਇਕ ਪ੍ਰਸਿੱਧ ਕੀਰਤਨੀਏ ਹੋਏ ਹਨ। ਇਨ੍ਹਾਂ ਬੜੀ ਨਿਰਮਾਨਤਾ ਵਾਲੇ ਬਜ਼ੁਰਗ ਕੀਤਰਨੀਏ ਸਨ ਇਨ੍ਹਾਂ ਦਾ ਪਛੋਕੜ ਭੀ ਸਿੰਧੀ ਸੀ।

ਕੀਰਤਨੀਏ ਤਾਂ ਹੋਰ ਵੀ ਬਹੁਤ ਹਨ ਪਰ:

*ਹੋਰਿ ਕੇਤੇ ਤੁਧਨੁ ਗਾਵਨਿ ਸੇ ਮੈ ਚਿਤਿ ਨਾ ਆਵਨਿ॥*

# ਨਿਪੁਣ ਰਾਗੀ ਭਾਈ ਸੰਤੋਖ ਸਿੰਘ ਜੀ

ਡਾ. ਜਾਗੀਰ ਸਿੰਘ : 422, ਸੈਕਟਰ 15-ਏ, ਚੰਡੀਗੜ੍ਹ

ਭਾਈ ਸੰਤੋਖ ਸਿੰਘ ਦਾ ਰਾਗੀ ਜੱਥਾ ਆਪਣੀ ਕਲਾਸੀਕਲ ਸ਼ੈਲੀ ਤੇ ਅਧਾਰਤ ਕੀਰਤਨ ਲਈ ਅਤੇ ਲਾਈਟ ਗੀਤਾਂ ਤੇ ਅਧਾਰਤ ਕੀਰਤਨ ਕਰਨ ਲਈ ਪ੍ਰਸਿੱਧ ਸੀ। ਆਪ ਭਾਵੇਂ ਰਬਾਬੀ ਖਾਨਦਾਨ ਵਿਚੋਂ ਨਹੀਂ ਸੀ। ਫਿਰ ਵੀ ਸੰਗੀਤ ਪੱਖੋਂ ਲਗਭਗ ਸਾਰੇ ਰਬਾਬੀ ਆਪ ਦਾ ਸਤਿਕਾਰ ਕਰਦੇ ਸਨ। ਆਪ ਦੇ ਰਾਗੀ ਬਣਨ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਆਪ ਦੀ ਜੀਵਨ ਕਹਾਣੀ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਮਿਹਨਤ ਕਰਨ ਨਾਲ ਕਿਸੇ ਵੀ ਕਲਾ ਵਿਚ ਮਾਹਿਰ ਹੋਇਆ ਜਾ ਸਕਦਾ ਹੈ।

ਭਾਈ ਸਾਹਿਬ ਜੀ ਉਹਨਾਂ ਰਾਗੀਆਂ ਵਿਚੋਂ ਨਹੀਂ ਸਨ ਜਿਹਨਾਂ ਨੂੰ ਸੰਗੀਤ ਸਿੱਖਿਆ ਵਿਰਸੇ ਵਿਚ ਹੀ ਮਿਲੀ ਹੁੰਦੀ ਹੈ ਅਤੇ ਨਾ ਹੀ ਆਪਨੂੰ ਪਹਿਲਾਂ ਸੰਗੀਤ ਪ੍ਰਤੀ ਕੋਈ ਬਹੁਤਾ ਸ਼ੌਕ ਸੀ। ਆਪ ਤਾਂ ਆਪਣੇ ਪਿਤਾ ਜੀ ਦੀ ਇੱਛਾ ਪੂਰੀ ਕਰਨ ਲਈ ਇਸ ਖੇਤਰ ਵਿਚ ਦਾਖਲ ਹੋਏ ਸਨ।

ਆਪ ਦੇ ਪਿਤਾ ਸ. ਇੰਦਰ ਸਿੰਘ ਕੋਈ ਰਾਗੀ ਜਾਂ ਸੰਗੀਤਕਾਰ ਨਹੀਂ ਸਨ ਸਗੋਂ ਉਹ ਭਲਵਾਨ ਸਨ। ਸੰਧੂ ਜੱਟ ਖਾਨਦਾਨ ਨਾਲ ਸੰਬੰਧ ਰੱਖਦੇ ਸਨ। ਆਪ ਨੇ ਤਿੰਨ ਵਿਆਹ ਕਰਵਾਏ ਪਰ ਕੋਈ ਸੰਤਾਨ ਨਾ ਹੋਈ। ਚੌਥਾ ਵਿਆਹ ਕਰਵਾਇਆ ਤੇ ਨਨਕਾਣਾ ਸਾਹਿਬ ਜਾ ਕੇ ਸੁਖਣਾ ਸੁੱਖੀ ਕਿ ਜੇ ਪੁੱਤਰ ਹੋਵੇਗਾ ਤਾਂ ਕੀਰਤਨੀਆਂ ਬਣਾਵਾਂਗਾ। ਇੰਜ ਇੰਦਰ ਸਿੰਘ ਨੇ ਆਪਣੇ ਪੁੱਤਰ ਦੇ ਭਵਿੱਖ ਨੂੰ ਇਕ ਤਰ੍ਹਾਂ ਨਿਸ਼ਚਿਤ ਹੀ ਕਰ ਦਿੱਤਾ। ਪੁੱਤਰ ਹੋਇਆ ਭਾਈ ਸੰਤੋਖ ਸਿੰਘ, ਪਰ ਪੁੱਤਰ ਨੂੰ ਮਾਂ ਦਾ ਪਿਆਰ ਕੇਵਲ ਸਵਾ ਸਾਲ ਹੀ ਮਿਲਿਆ ਕਿਉਂਕਿ ਉਹ ਸਵਾ ਸਾਲ ਦਾ ਹੀ ਸੀ ਕਿ ਮਾਂ ਦਾ ਦੇਹਾਂਤ ਹੋ ਗਿਆ।

ਸੰਤੋਖ ਸਿੰਘ ਜੀ ਜਦੋਂ ਚਾਰ ਸਾਲ ਦੇ ਸਨ ਤਾਂ ਸੁਖਣਾ ਮੁਤਾਬਿਕ ਰਾਗੀ ਬਣਾਉਣ ਲਈ ਇਹਨਾਂ ਦੇ ਉਸਤਾਦ ਨਿਸ਼ਚਿਤ ਕੀਤੇ ਸਨ। ਉਹ ਨਹੀ ਸੀ ਚਾਹੁੰਦੇ ਕਿ ਉਹਨਾਂ ਦਾ ਪੁੱਤਰ ਸੰਗੀਤ ਸਿੱਖਣ ਵਿਚ ਕਿਸੇ ਤਰ੍ਹਾਂ ਪਿੱਛੇ ਰਹਿ ਜਾਵੇ ਇਸੇ ਲਈ ਉਸਤਾਦ ਵੀ ਇਕ ਦੋ ਨਹੀਂ ਸਗੋਂ ਪੰਜ। ਪੰਜੇ ਆਪਣੇ ਵੇਲੇ ਦੇ ਪ੍ਰਸਿੱਧ ਸੰਗੀਤ ਉਸਤਾਦ ਸਨ-

1. ਮਾਸਟਰ ਸਈਂ ਦਿਤਾ ਜੀ
2. ਬਾਬਾ ਲਾਭ ਸਿੰਘ ਜੀ
3. ਭਾਈ ਬਖੂ ਖਾਂ ਕਲਾਵੰਤ, ਰਿਆਸਤ ਕਪੂਰਥਲੇ ਦੇ ਸਾਬਕਾ ਦਰਬਾਰੀ ਗਾਇਕ
4. ਭਾਈ ਤਾਬਾ ਜੀ
5. ਦੁਰਗਿਆਣੇ ਮੰਦਰ ਦੇ ਸੰਗੀਤ-ਪੰਡਤ

ਭਾਈ ਸੰਤੋਖ ਸਿੰਘ ਜੀ ਵਿਚ ਸੰਗੀਤ ਸੰਸਕਾਰ ਘਟ ਹੀ ਸਨ। ਪਿਤਾ ਜੀ ਥੋੜਾ ਬਹੁਤ ਤਬਲਾ ਵਜਾਉਣਾ ਜਾਣਦੇ ਸਨ। ਉਹ ਸੁਭਾ ਦੇ ਸਖ਼ਤ ਸਨ ਅਤੇ ਆਪਣੇ ਬਚਨ ਦੇ ਬੜੇ ਪੱਕੇ ਸਨ। ਉਹ ਸੰਤੋਖ ਸਿੰਘ ਨੂੰ ਰਾਗੀ ਬਣਾਉਣ ਲਈ ਬਜ਼ਿਦ ਸਨ।

ਉਹਨਾਂ ਨੇ ਸੰਤੋਖ ਸਿੰਘ ਹੋਰਾਂ ਨੂੰ ਜ਼ਬਰਦਸਤੀ ਰਿਆਜ਼ ਕਰਵਾਉਣਾ ਅਤੇ ਜ਼ਬਰਦਸਤੀ ਖੁਰਾਕ ਖੁਆਉਣੀ। ਭਾਈ ਸਾਹਿਬ ਕਿਹਾ ਕਰਦੇ ਸਨ, ਮੈਂ ਤਾਂ ਡੰਡੇ ਨਾਲ ਘਿਉ ਵੀ ਖਾਧਾ ਹੈ ਤੇ ਡੰਡੇ ਨਾਲ ਰਿਆਜ਼ ਵੀ ਕੀਤਾ ਹੈ। ਪਿਤਾ ਜੀ ਨੇ ਸਵੇਰੇ ਤਿੰਨ ਵਜੇ ਉਠਾ ਲੈਣਾ ਅਤੇ ਅੱਠ ਵਜੇ ਤੱਕ ਵੱਖ ਵੱਖ ਉਸਤਾਦਾਂ ਦੇ ਸਿਖਾਏ ਸ਼ਬਦ ਯਾਦ ਕਰਵਾਉਣਾ।

ਅਖੀਰ ਪਿਤਾ ਦੀ ਸੁਖਣਾ ਪੂਰੀ ਹੋਈ ਭਾਈ ਸੰਤੋਖ ਸਿੰਘ ਆਪਣੀ ਮਿਹਨਤ ਅਤੇ ਲਗਨ ਸਦਕਾ ਰਾਗੀ ਬਣ ਗਿਆ ਤੇ ਉਸਨੇ ਪਹਿਲੀ ਕੀਰਤਨ ਦੀ ਸੇਵਾ ਬਾਬਾ ਅਟੱਲ ਵਿਖੇ ਕੀਤੀ।

ਪ੍ਰਬੰਧਕਾਂ ਨੇ ਇਹਨਾਂ ਦੀ ਡਿਊਟੀ ਬਿਲਾਵਲ ਦੀ ਚੌਂਕੀ ਦਾ ਕੀਰਤਨ ਕਰਨ ਹਿੱਤ ਲਾਈ। ਪਿਤਾ ਜੀ ਇਨ੍ਹਾਂ ਨਾਲ ਤਾਨਪੁਰੇ ਤੇ ਬੈਠੇ। ਆਪ ਹੁਣ ਤੱਕ ਚੰਗੇ ਕੀਰਤਨੀਏ ਬਣ ਚੁੱਕੇ ਸਨ। ਜਦੋਂ ਆਪ ਹਰ ਸਾਲ ਨਨਕਾਣਾ ਸਾਹਿਬ ਜਾਂਦੇ ਤਾਂ ਭਾਈ ਭਾਈ ਸਮੁੰਦ ਸਿੰਘ ਜੀ ਆਪ ਆਪਣੀ ਥਾਂ ਕੀਰਤਨ ਕਰਨ ਲਈ ਭਾਈ ਸੰਤੋਖ ਸਿੰਘ ਜੀ ਨੂੰ ਬਿਠਾਉਂਦੇ।

ਭਾਈ ਸਾਹਿਬ ਨੇ ਅੰਮ੍ਰਿਤਸਰ ਤੋਂ ਬਿਨਾਂ, ਦਿੱਲੀ ਗੁਰਦੁਆਰਾ ਸੀਸਗੰਜ, ਕਾਨਪੁਰ, ਪਟਿਆਲਾ, ਫੈਜ਼ਾਬਾਦ, ਡੇਹਰਾਦੂਨ ਆਦਿ ਸਟੇਜਾਂ ਤੇ ਕੀਰਤਨ ਕੀਤਾ ਹੈ। ਆਪ

ਰੇਡੀਓ ਅਤੇ ਟੈਲੀਵੀਜ਼ਨ ਤੇ ਵੀ ਪ੍ਰੋਗਰਾਮ ਦਿੰਦੇ ਰਹੇ ਹਨ। ਆਪ ਬਿਲਾਵਲ, ਜੈਜਾਵੰਤੀ, ਕੇਦਾਰਾ, ਦੇਸੀ, ਮਲ੍ਹਾਰ ਆਦਿ ਰਾਗਾਂ ਨੂੰ ਬੜੀ ਪ੍ਰਬੀਣਤਾ ਨਾਲ ਗਾਉਂਦੇ ਸਨ। ਪ੍ਰਚੱਲਤ ਤਾਲਾਂ ਤੋਂ ਇਲਾਵਾ ਧਮਾਰ, ਆੜਾ ਚੌਤਾਲਾ, ਪੰਜਤਾਲ ਦੀ ਸਵਾਰੀ ਗਾਉਣ ਵਿਚ ਮਾਹਿਰ ਸਨ।

ਕੀਰਤਨ ਦੀ ਚੌਕੀ ਆਰੰਭ ਕਰਨ ਵੇਲੇ 'ਡੰਡਉਤ' ਕਰਦਿਆਂ ਰਾਗ ਦਾ ਸਰੂਪ ਬਣਾਉਂਦੇ ਤੇ ਅੱਧਾ ਘੰਟਾ ਕਲਾਸੀਕਲ ਰਾਗਦਾਰੀ ਵਿਚ ਕੀਰਤਨ ਕਰਦੇ ਫਿਰ ਅੱਧਾ ਘੰਟਾ ਸੁਗਮ ਗੀਤਾਂ ਵਿੱਚ ਕੀਰਤਨ ਕਰਦੇ। ਸਮੇਂ ਅਨੁਸਾਰ ਚੰਗੀ ਵਿਆਖਿਆ ਵੀ ਕਰ ਲੈਂਦੇ ਸਨ।

ਆਪ ਕਲਾਸੀਕਲ ਤੇ ਸੁਗਮ ਸੰਗੀਤ ਦੋਹਾਂ ਦੇ ਮਾਹਿਰ ਸਨ। ਜੇ ਕਲਾਸੀਕਲ ਗਾਉਂਦੇ ਤਾਂ ਅਜਿਹਾ ਬਿਖੜਾ ਵੀ ਗਾ ਲੈਂਦੇ ਸਨ ਕਿ ਰੇਡੀਓ ਸਟੇਸ਼ਨਾਂ ਦੇ ਸਾਜ਼ਿੰਦੇ ਵੀ ਮੁਸ਼ਕਲ ਨਾਲ ਸੰਗਤ ਕਰ ਸਕਦੇ ਸਨ। ਜੇ ਸੁਗਮ ਗਾਉਂਦੇ ਤਾਂ ਅਜਿਹੀ ਅਦਾ ਨਾਲ ਕਿ ਪੇਂਡੂ ਲੋਕ ਵੀ ਵਾਹ ਵਾਹ ਕਰਨ ਲੱਗ ਪੈਂਦੇ।

ਆਪ ਚੰਗੀ ਯਾਦ ਸ਼ਕਤੀ ਦੇ ਮਾਲਕ ਸਨ। ਕੀਰਤਨ ਕਰਨ ਲਈ ਜਾਣ ਤੋਂ ਪਹਿਲਾਂ ਆਪ ਕੇਵਲ ਇਕ ਵਾਰ ਕਾਪੀ ਵਿਚੋਂ ਪੜ੍ਹਕੇ ਗਾਈ ਜਾਣ ਵਾਲੀ ਬਾਣੀ ਯਾਦ ਕਰ ਲੈਂਦੇ ਸਨ। ਕਿਹਾ ਜਾਂਦਾ ਹੈ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੰਜ ਸੌ ਪਉੜੀ ਹੀ ਆਪ ਨੂੰ ਯਾਦ ਸੀ।

ਕੀਰਤਨ ਕਰਨ ਦੇ ਨਾਲ ਨਾਲ ਆਪ ਸਮੁੱਚੇ ਦੇਸ ਹਾਲਤ ਬਾਰੇ ਵੀ ਸੋਚਦੇ ਰਹਿੰਦੇ ਸਨ। ਅਖਬਾਰਾਂ ਪੜ੍ਹਨੀਆਂ ਅਤੇ ਖਾਸ ਖਾਸ ਖਬਰਾਂ ਦੀ ਕਟਿੰਗ ਰੱਖਣੀ ਆਪ ਦੇ ਸ਼ੌਕਾਂ ਵਿਚ ਸ਼ਾਮਿਲ ਸੀ। ਆਪ ਸੰਗੀਤਕਾਰਾਂ ਦੀ ਹਾਲਤ ਬਾਰੇ ਵੀ ਚਿੰਤਤ ਸਨ। ਖਾਸ ਕਰਕੇ ਰਾਗੀਆਂ ਅਤੇ ਗੁਰਦੁਆਰੇ ਦੇ ਪ੍ਰਬੰਧਕਾਂ ਦੇ ਆਪਸੀ ਸੰਬੰਧ ਤੋਂ ਆਪ ਸੰਤੁਸ਼ਟ ਨਹੀਂ ਸੀ। ਉਹਨਾਂ ਦਾ ਵਿਚਾਰ ਸੀ ਕਿ ਰਾਗੀ ਸਿੰਘ ਦੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ ਤੇ ਹੋਰ ਜ਼ਰੂਰੀ ਸਹੂਲਤਾਂ ਲੋੜ ਅਨੁਸਾਰ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਰਾਗੀ ਸਿੰਘ ਸੰਗੀਤ ਸਾਧਨਾਂ ਅਤੇ ਬਾਣੀ ਯਾਦ ਕਰਨ ਵੱਲ ਧਿਆਨ ਦੇ ਸਕਣ।

# ਜ਼ਫ਼ਰਨਾਮੇ ਦੇ ਪਰਛਾਵਿਆਂ ਹੇਠ

ਡਾ. ਜਸਬੀਰ ਸਿੰਘ ਸਰਨਾ : ਨੇੜੇ ਸੁਪਰ ਬਜ਼ਾਰ, ਬਾਰਾਮੂਲਾ, ਕਸ਼ਮੀਰ

ਸਮੇਂ ਦੀ ਤੱਲੀ ਤੇ ਸਾਡਾ ਵਜੂਦ
ਹੁਣ ਤਿੱਲਕਦਾ ਨਹੀਂ
ਮੈਦਾਨੇ-ਜੰਗ ਵਿਚ ਆਭਾ ਦਾ
ਨਿਸ਼ਾਨ ਗੱਢਦਾ ਏ।
ਪਿਆਸ ਤੇ ਭੁੱਖਾਂ ਦੇ ਜੰਗਲ 'ਚ
ਆਪਣਾ ਵਜੂਦ ਸਲਾਮਤ ਰੱਖਿਆ।
ਸਾਡੇ ਆਲੇ ਦੁਆਲੇ
ਮੌਤ ਗਸ਼ਤ ਕਰਦੀ ਤੇ ਤਾਂਡਵ ਨਾਚ ਨੱਚਦੀ ਸੀ
ਅਸੀਂ ਸਿੱਦਕ ਦੀਆਂ ਪੈੜਾਂ ਤੇ
ਸੂਲਾਂ ਦੇ ਮਾਰਗ ਨਾਪਦੇ ਰਹੇ
ਖ਼ੌਫਨਾਕ ਹਵਾਵਾਂ ਦੇ ਅੰਗ ਸੰਗ
ਕਾਲੀ ਰਾਤ ਦੀ ਬੁੱਕਲ 'ਚ
ਆਨੰਦਪੁਰ ਤੋਂ ਚਮਕੌਰ ਦੀ ਗੜ੍ਹੀ ਤੀਕ
ਅਸੀਂ ਕਾਫ਼ਲੇ ਦੇ ਨਾਲ ਨਾਲ
ਕਾਫ਼ਲੇ ਹੋ ਗਏ .....।
ਜ਼ਾਲਮ ਤੇ ਜ਼ੁਲਮ ਨੂੰ ਵਾਜਾਂ ਮਾਰਦੇ
ਸਰਸਾ ਦੇ ਬੇਤਹਾਸ਼ੇ ਪਾਣੀਆਂ ਤੇ
ਇਕ ਰਾਗ ਛੇੜਦੇ ਰਹੇ
ਸਵੈ-ਹੋਂਦ ਦੀ ਆਭਾ ਦਾ
ਸਵੈ-ਵਿਸ਼ਵਾਸ ਦੀ ਆਭਾ ਦਾ।
ਸਾਡੇ ਲਹੂ 'ਚ
ਸੁਤੰਤਰਾ ਦੀ ਮਹਿਕ
ਤੇ ਮੱਥੇ ਤੇ ਸੂਰਜ ਦਾ ਸੇਕ ਮੱਘਦਾ ਸੀ
ਤੇ ਕਲਮ ਵਿਚ ਅੱਗ ਦੀ ਪ੍ਰਭਾਤ ਜੱਗਦੀ ਸੀ।
ਇਹ ਹੀ ਕਲਮ ਮੈਦਾਨੇ ਜੰਗ 'ਚ
ਜ਼ਾਲਮਾਂ ਦਾ ਸਿਰ ਵੱਢਦੀ ਸੀ
ਨੱਸ ਨੱਸ 'ਚ ਭੜਥੂ ਪਾਉਂਦੀ ਸੀ।
ਜਦ ਔਰੰਗੇ ਵੱਲ
ਹਰਫ਼ਾਂ ਦਾ ਤੇਜ-ਧਾਰਕ ਕਾਫ਼ਲਾ ਤੁਰਿਆ
ਜ਼ਾਲਮ ਬਾਦਸ਼ਾਹ ਦੀ ਸੁਰੱਤ 'ਚ
ਖੰਜਰ ਬਣ ਖੁੱਭਿਆ।
ਬਲਵਾਨ ਹਰਫ਼ਾਂ ਦੀਆਂ ਚਪੇੜਾਂ
ਉਹ ਸਹਾਰ ਨਾ ਸਕਿਆ।
ਉਹ ਸਹਾਰ ਨਾ ਸਕਿਆ।

# ਕੈਸਟ ਸਮੀਖਿਆ : ਸਭ ਤੇ ਵਡ ਸਮਰਥ ਗੁਰਦੇਵ

ਭਾਈ ਅਵਤਾਰ ਸਿੰਘ ਹੰਸ : ਗੁਰਬਾਣੀ ਕੀਰਤਨ ਅਕੈਡਮੀ, ਪਟਿਆਲਾ ਗੇਟ, ਸੰਗਰੂਰ

*ਕੰਪਨੀ* : ਟੀ-ਸੀਰੀਜ਼ *ਰਾਗੀ* : ਡਾ. ਜਾਗੀਰ ਸਿੰਘ

'ਅੰਮ੍ਰਿਤ ਕੀਰਤਨ' ਦੇ ਆਨਰੇਰੀ ਸੰਪਾਦਕ, ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ, ਟਕਸਾਲੀ ਕੀਰਤਨੀਏ ਡਾ. ਜਾਗੀਰ ਸਿੰਘ ਜੀ, ਗੁਰੂ ਸਾਹਿਬ ਵਲੋਂ ਬਖਸ਼ਿਸ਼ ਕੀਰਤਨ ਪ੍ਰੰਪਰਾ ਨੂੰ ਸ਼ੁਧ ਰੂਪ ਵਿਚ ਬਰਕਰਾਰ ਰੱਖ ਰਹੇ ਹਨ। ਗੁਰਮਤਿ ਸੰਗੀਤ ਨੂੰ ਵਿਲੱਖਣ ਪਹਿਚਾਣ ਸਥਾਪਿਤ ਕਰਨ ਲਈ ਆਪ ਜੀ ਨੇ ਕਠਨ ਘਾਲਣਾ ਘਾਲੀਆਂ ਹਨ। ਗੁਰਮਤਿ ਸੰਗੀਤ ਖੇਤਰ ਵਿਚ ਆਪ ਜੀ ਦਾ ਭਾਰੀ ਯੋਗਦਾਨ ਹੈ। ਆਪ ਜੀ ਦੇ ਕੀਰਤਨ ਵਿਚ ਅਲੌਕਿਕ ਰਸ ਹੈ। ਸੱਚੀ ਮਿੱਠੀ ਬਾਣੀ, ਸ਼ੁਧ ਰਾਗ, ਸੁਰੀਲੀ ਅਵਾਜ, ਅਨੂਠਾ ਸੰਗਮ ਹੈ। 1989 ਤੋਂ ਗੁਰਮਤਿ ਸੰਗੀਤ ਸਬੰਧੀ ਇਕੋ ਇਕ ਮਾਸਕ ਪੱਤਰ 'ਅੰਮ੍ਰਿਤ ਕੀਰਤਨ' ਆਪ ਜੀ ਅਣਥੱਕ ਮਿਹਨਤ ਕਰਕੇ ਸਫਲਤਾ ਪੂਰਵਕ ਚਲਾ ਰਹੇ ਹਨ। ਹੁਣ ਤੱਕ ਆਪ ਜੀ ਆਪਣੀ ਰਸ ਭਿੰਨੀ ਮਧੁਰ ਆਵਾਜ ਵਿਚ ਉੱਚ ਪੱਧਰ ਦੇ ਕੀਰਤਨ ਦੀਆਂ 18 ਦੇ ਕਰੀਬ ਕੈਸਟਾਂ ਸੰਗਤਾਂ ਦੀ ਭੇਟ ਕਰ ਚੁੱਕੇ ਹਨ ਜੋ ਕਿ ਗੁਰਮਤਿ ਸੰਗੀਤ ਖੇਤਰ ਵਿਚ ਮੀਲ ਪੱਥਰ ਸਾਬਤ ਹੋਈਆਂ ਹਨ।

ਟੀ ਸੀਰੀਜ ਕੰਪਨੀ ਵਿਚ ਡਾ. ਸਾਹਿਬ ਦੀ ਇਹ ਦੂਸਰੀ ਕੈਸਟ ਹੈ। ਪਹਿਲੀ ਕੈਸਟ "ਸਭ ਬਿਧ ਤੁਮ ਹੀ ਜਾਨਤੇ ਪਿਆਰੇ" ਬੜੀ ਸਫਲਤਾ ਨਾਲ ਚਲ ਰਹੀ ਹੈ। ਉਪਰੋਕਤ ਕੈਸਟ 'ਸਭ ਤੇ ਵਡ ਸਮਰਥ ਗੁਰਦੇਵ' ਵਿਚ ਡਾ. ਸਾਹਿਬ ਨੇ ਨਿਰਧਾਰਤ ਰਾਗਾਂ ਵਿਚ ਚਾਰ ਸ਼ਬਦਾਂ ਦਾ ਗਾਇਨ ਕੀਤਾ ਹੈ।

ਕੈਸਟ ਦੇ 'ਏ' ਸਾਇਡ ਤੇ ਪਹਿਲਾ ਸ਼ਬਦ ਰਾਗ ਭੈਰਉ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ 'ਸਭ ਤੇ ਵਡ ਸਮਰਥ ਗੁਰਦੇਵ' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਵਨ ਅੰਗ ੧੧੫੨ ਤੇ ਅੰਕਤ ਹੈ। ਨਿਰਧਾਰਤ ਰਾਗ ਭੈਰਉ ਅਧੀਨ, ਇਕ ਤਾਲ ਵਿਚ ਨਿਬੱਧ ਕਰਕੇ ਗਾਇਨ ਕੀਤਾ ਹੈ। ਦੂਸਰਾ ਸ਼ਬਦ *ਹੈ ਰੇ ਮਨ ਓਟ ਲੇਹੁ ਹਰਿਨਾਮਾ॥* ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਰਚਨਾ ਵਿਚੋਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੯੦੨-੨ ਤੇ ਸੁਸ਼ੋਭਿਤ ਹੈ। ਇਹ ਰਾਗ ਰਾਮਕਲੀ ਵਿਚ ਅਤੇ ਤਾਲ ਤਿੰਨ ਤਾਲ ਵਿਚ ਨਿਬੰਧ ਹੈ।

'ਬੀ' ਸਾਇਡ ਤੇ ਪਹਿਲਾ ਸ਼ਬਦ ਗਾਇਨ ਕੀਤਾ ਹੈ। ਸਫਲ ਸੇਵਾ ਗੋਪਾਲ ਰਾਇ॥ ਰਾਗ ਭੈਰਉ ਅਧੀਨ ਮਹਲਾ ੫ ਦਾ ਇਸ ਪਾਵਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੧੪੬ ਅੰਗ 'ਤੇ ਦਰਜ ਹੈ। ਇਸ ਨੂੰ ਵੀ ਡਾ. ਸਾਹਿਬ ਜੀ ਨੇ ਨਿਰਧਾਰਤ ਰਾਗ ਵਿਚ ਗਾਇਆ ਹੈ ਦਾਦਰਾ ਤਾਲ ਵਿਚ ਤਾਲਬੱਧ ਹੈ। ਬਹੁਤ ਪਿਆਰੀ ਬੰਦਸ਼ ਹੈ। ਵਾਰ ਵਾਰ ਸੁਣਨ ਨੂੰ ਮਨ ਕਰਦਾ ਹੈ।

ਸਾਇਡ 'ਬੀ' ਤੇ ਦੂਜਾ ਤੇ ਆਖਰੀ ਸ਼ਬਦ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਅਦੁੱਤੀ ਰਚਨਾ ਗੂਜਰੀ ਕੀ ਵਾਰ ਵਿਚੋਂ ਹੈ। ਗੁਰਬਾਣੀ ਦੀ ਉਸਤਤਿ ਵਿਚ ਹੈ। *ਵਾਹੁ ਵਾਹੁ ਬਾਣੀ ਨਿਰੰਕਾਰ ਹੈ।* ਇਹ ਪਾਵਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੫੧੫-੧੬ ਅੰਗ ਤੇ ਬਿਰਾਜਮਾਨ ਹੈ। ਇਸਨੂੰ ਤਿੰਨਤਾਲ ਵਿਚ ਤਾਲ ਬੱਧ ਕਰਕੇ ਨਿਰਧਾਰਤ ਰਾਗ ਗੂਜਰੀ ਵਿਚ ਗਾਇਆ ਹੈ।

ਇਸ ਤਰ੍ਹਾਂ ਕੈਸਟ ਦੇ ਸਾਰੇ ਸ਼ਬਦ ਹੀ ਡਾ. ਸਾਹਿਬ ਨੇ ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਰਤਨ ਵਿਧੀ ਅਨੁਸਾਰ ਗਾਇਨ ਕੀਤੇ ਹਨ। ਇਹ ਕੈਸਟ ਕਾਬੀਲੇ ਤਾਰੀਫ ਹੈ ਅਤੇ ਸਾਂਭਣਯੋਗ ਹੈ। ਗੁਰਮਤਿ ਸੰਗੀਤ ਖਜਾਨੇ ਵਿਚ ਨਿੱਗਰ ਵਾਧਾ ਹੈ।

# Music in Sikhism

R.M. Chopra

Music occupies a prominent place in Sikhism. The Sikh Gurus have exprssed their thoughts and ideals in the form of hymns which must be sung to music. According to Guru Nanak, the Chief inspiration of music is the love of God and its object is union with God. In its devotional aspect, music is envisioned as the effort of the soul to transcend itself and find communion with the Supreme Being; it is considered the source of divine enlightenment. His *Japji* consisting of hymns of prayer to God may be otherwise called a *gitanjali* (song offerting) and his *Asa-di-Var* may be said to be the 'Music of Soul'. If the love of God thrills the heart, everything becomes sublime to the senses. Music not only purifies the heart but also brings peace, contentment and tranquility.

In Sikhism, right from the beginning, the spiritual of fects and devotional aspect of music were clearly recognised. The *Sufis*, the Saints, the *Vaishnava* and other propounders of *Bhakti* movement looked upon music as means of revelation attained through ocstasy - to some ecstasy meant the state that comes from listening to music.

Guru Nanak believed in *Sankirtan* as the means of self realisation as well as God realisation; Guru Arjundev preferred congregational music to all other religious practices. The Sikh Gurus made some important improvements in the technique of music. Guru Nanak is said to be the inventor of the *rabab* and Guru Amardas of *Saranda* or Indian violen. Guru Arjundev introduced *chauki* or quartet system of music.

Guru Nanak puts emphasis upon *Sankirtan* and teaches that God's name should be sung in humility as the Divine Name is the spirit of God and is the enlightener and purifier of the soul.

According to him *Nam* is an agency of God and uttering the *Nam* can be regarded as a means for the realization of God. The chief inspiration of religious music is the love of God. It is believed that, in religion, music is supposed to be holy and inspires sacred sentiments and feelings in the minds of those who perform and those who listen and enjoy it. Music is considered to have some magic power which clears the mind and brings the devotee's heart close to the Lord.

*Sankirtan* is usually accompanied by instrumental music which not only provides rhythm and harmony but also enables the devotees to quickly intensify their feelings to the remembrance of the Divine. The chanting of *Nam* removes all inhibitions in individuals and awakens dormant power of the soul, body and mind. It helps in strengthening the bonds

of fellowship, understanding and love. It also enables individuals to reach that ecstatic state of mind, the Supreme Sublime Bliss, where the devotees feel that the Divine Himself is present.

In *Nam-kirtan* in Sikhism, there is a slight variation. Here in the *Kirtan*, the Holy *Nam* is chanted by expert Ragis, the musicians, in the *Ragas* in which the hymns of the Gurus were originally composed and the *Kirtan* goes on for hours. The other devotees sit and listen to the chanting of *Nam* and concentrate their attention on the Holy word, or the sayings of the Gurus, which are sung, and their spiritualising meaning. *Ragis* (accomplished musicians) are held in high veneration by the Sikhs.

In this process the entire assembly of *Ragis* by singing the glory of *Nam* and the *Sangat* (the devotees) by listening to it, tries to free itself from worldly cravings and tries to attain *Samadhi*, where the devotee is one with God, albeit for a short time, which, according to Guru Nanak, is the ultimate objective of the Kirtan - Unity with the Divine.

Vocal music accompanied by instrumental has always been more keenly appreciated by the Sikhs than purely instrumentel music. Their ardent taste for hymns sung by the Gurus and poetry has determined this. Instrumental accompaniment is usually furnished by the harmonium, pair of Tablas and sometimes *Rabab*. The most important musical from is *Shabad Kirtan* which froms part of all types of congregations of the Sikhs whether in the Gurudwaras or outside.

Music was not confined to social gatherings or congragations in the Gurudwaras alone but also played an important part in the military display of the Sikhs. The military band, which was usually restricted to the beating of drums, kerrledrums and cymbals in olden days, was, and continuee to remain, with improvisations, an integral part of martial display of the Sikhs. It inspires the Sikh warriors and onthuses them to fight bravely, spiritedly, courageously and with fortitude in the service of the faith and path of righteousness.

# NANAKSHAHI CALENDAR

***List of Gurpurbs as per Nanakshahi Calendar approved by Shiromani Gurdwara Parbandhak Committe, Sri Amritsar released by Sri Akal Takhat Sahib for declaration of Holidays.***

## Gurpurabs

| | |
|---|---|
| 1 Chet / 14 March | - Gurgaddi Sri Guru Har Rai Ji |
| 6 Chet / 19 March | - Joti Jot Sri Guru Hargobind Ji |
| 3 Vaisakh / 16 April | - Joti Jot Sri Guru Angad Dev Ji |
| 3 Vaisakh / 16 April | - Gurgaddi Sri Guru Amar Dass Ji |
| 3 Vaisakh / 16 April | - Joti Jot Sri Guru Harkishan Ji |
| 3 Vaisakh / 16 April | - Gurgaddi Sri Guru Teg Bahadur Ji |
| 5 Vaisakh / 18 April | - Parkash Sri Guru Angad Dev Ji |
| 5 Vaisakh / 18 April | - Prakash Sri Teg Bahadur Ji |
| 19 Vaisakh / 2 May | - Parkash Sri Guru Arjun Dev Ji |
| 9 Jaith / 23 May | - Parkash Sri Guru Amar Dass Ji |
| 28 Jaith / 11 June | - Gurgaddi Sri Guru Hargobind Ji |
| 2 Harr / 16 June | - Martyrdom Day Sri Guru Arjun Dev Ji |
| 21 Harr / 5 July | - Parakash Sri Guru Hargobind Ji |
| 8 Sawan / 23 July | - Parkash Sri Guru Harkrishan Ji |
| 15 Bhadon / 30 August | - Sampurnta Sri Guru Granth Sahib |
| 17 Bhadon / 1 September | - First Prakash Sri Guru Granth Sahib |
| 2 Aasu / 16 September | - Joti Jot Sri Guru Amar Dass Ji |
| 2 Aasu / 16 September | - Gurgaddi Sri Guru Ram Dass Ji |
| 2 Aasu / 16 September | - Joto Jot Sri Guru Ram Dass Ji |
| 2 Aasu / 16 September | - Gurgaddi Sri Guru Arjun Dev Ji |
| 4 Aasu / 18 September | - Gurgaddi Sri Guru Angan Dev Ji |
| 8 Aasu / 22 September | - Joti Jot Sri Guru Nanak Dev Ji |
| 25 Aasu / 9 October | - Parkash Sri Guru Ram Dass Ji |
| 6 Katak / 20 October | - Joti Jot Sri Guru Har Rai Ji |
| 6 Katak / 20 October | - Gurgaddi Sri Guru Harkrishan Ji |
| 6 Katak / 20 October | - Gurgaddi Sri Guru Granth Sahib Ji |
| 7 Katak / 21 October | - Joti Jot Sri Guru Gobin Singh Ji |
| 25 Katak / 8 November | - Parkash Sri Guru Nanak Dev Ji |
| 11 Maghar / 24 November | - Gurgaddi Sri Guru Gobind Singh Ji |
| 11 Maghar / 24 November | - Martyrdom Day Sri Guru Teg Bahadur Ji |
| 23 Poh / 5 January | - Parkash Sri Guru Gobind Singh Ji |
| 19 Magh / 31 January | - Parkash Sri Guru Har Rai Ji |

### Historical Days

| | |
|---|---|
| 1 Chet / 14 March | - New year Nanakshahi Samat 535 |
| 2 Chet / 15 March | - Delhi Fateh S. Baghel Singh |
| 6 Chet / 19 March | - Hola Mahalla |
| 12 Chet / 25 March | - Martyrdom Day Bhai Subegh Singh & Shahbaz Singh |
| 27 Chet / 9 April | - Birthday Sahibzada Jujhar Singh Ji |

| | |
|---|---|
| 1 Vaisakh / 9 April | - Khalsa Sajana Diwas (Vaisakhi) |
| 3 Jeth / 17 May | - Chotta Ghallughara |
| 21 Jeth / 4 June | - Attack on Sri Akal Takhat Sahib (1984) |
| 23 Jeth / 6 June | - Martyrdom Day Sant Baba Jarnail Singh Ji & all martyrs of Ghallughara 1984 |
| 11 Harr / 25 June | - Martyrdom Day Baba Banda Singh Ji Bahadar |
| 15 Harr / 29 June | - Barsi Maharaja Ranjit Singh Ji |
| 18 Harr / 2 July | - Sirjana Divas Sri Akal Takhat Sahib |
| 25 Harr / 9 July | - Martyrdom Day Bhai Manij Singh Ji |
| 1 Sawan / 16 July | - Martyrdom Day Bhai Tara Singh Ji |
| 6 Sawan / 21 July | - Miri Piri Day Sri Guru Hargobind Ji |
| 24 Sawan / 8 August | - Morcha Guru Ka Bagh |
| 28 Sawan / 12 August | - Mela Baba Bakala |
| 17 Assu / 1 October | - Sthapna Diwas Singh Sabha |
| 21 Assu / 5 October | - Darbar Khalsa (Dashera) |
| 21 Assu / 5 October | - Mela Bir Baba Budha Ji |
| 11 Katak / 25 October | - Bandi Chhor Diwas (Diwali) |
| 14 Katak / 28 October | - Sthapna Diwas Chief Khalsa Diwan |
| 14 Katak / 28 October | - Saka Panja Sahib |
| 18 Katak / 1 November | - Punjabi Suba Diwas |
| 30 Katak / 13 November | - Martyrdom Day Baba Deep Singh Ji Shaheed |
| 1 Maggar / 14 November | - Sthapna Diwas Shromani Gurdwara Parbandhak Committee |
| 11 Maggar / 24 November | - Martyrdom Day Bhai Mati Das Ji & Bhai Sati Das Ji |
| 15 Maggar / 28 November | - Birthday Sahibzada Zorawar Singh Ji |
| 19 Maggar / 2 December | - Martyrdom Day Baba Gurbaksh Singh Ji |
| 29 Maggar / 12 December | - Birthday Sahibzada Fateh Singh Ji |
| 30 Maggar / 13 December | - Sthapna Diwas Shromani Akali Dal |
| 8 Poh / 21 December | - Martyrdom Day Wadde Sahibzade & other martyrs of Chamkaur Sahib |
| 8 Poh / 21 December | - Martyrdom Day Baba Jiwan Singh Ji |
| 13 Poh / 26 December | - Martyrdom Day Chhote Sahibzade Fatehgarh Sahib |
| 1 Magh / 13 January | - Mela Maghi Mukatsar |
| 1 Magh / 13 January | - Foundation Stone Sri Harmandar Sahib |
| 7 Magh / 19 January | - Chabian Da Morcha |
| 25 Magh / 6 February | - Mela Kotha Sahib Vall |
| 27 Magh / 8 February | - Wadda Ghallughara |
| 10 Faggan / 21 February | - Saka Nankana Sahib |
| 10 Faggan / 21 February | - Jaito Da Morcha |
| 25 Faggan / 7 March | - Hola Mahalla 2004 |

*Secretary,*
*Shiromani Gurdwara Parbandhak Committee, Sri Amritsar.*
(Courtesy: Gurdwara Gazette, **July** 2003)

# ਸੁਰ ਲਿਪੀਆਂ

**ਗਿਆਨ ਸਿੰਘ ਐਬਟਾਬਾਦ : ਗੁਰਬਾਣੀ ਸੰਗੀਤ (ਭਾਗ ਪਹਿਲਾ)**

ਰਾਗ ਟੋਡੀ

**ਆਰੋਹ** : ਸ ਰੁ ਗੁ ਮੰਪ ਧੁ ਨ ਸਂ। **ਅਵਰੋਹ** : ਸਂ ਨ ਧੁ ਪ ਮਂ ਗੁ ਰੁ ਸ।
**ਥਾਟ** : ਟੋਡੀ **ਜਾਤੀ** : ਸੰਪੂਰਣ। **ਸਮਾਂ** : ਦਿਨ ਦਾ ਦੂਜਾ ਪਹਿਰ। ਪ ਅਲਪ, ਆਰੋਹ ਵਿਚ।
**ਵਾਦੀ** : ਧੁ **ਸੰਵਾਦੀ** : ਗੁ। **ਪਕੜ** : ਧੁ਼ ਨ਼ ਸ, ਰੁ ਗੁ, ਰੁ ਸ, ਮਂ, ਗੁਰੁਗੁ ਰੁਸ।

ਟੋਡੀ, ਇਕ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| *ਸਥਾਈ* | | | | | | | | | | | |
| ਨ਼ | | | | | | ਗ | | | | | |
| ਧੁ਼ | - | ਧੁ਼ | ਨ਼ | ਸ | ਸ | ਰੁ | ਗੁ | ਰੁ | ਸ | ਸ | - |
| ਕਉ | ऽ | ਨ | ਕੋ | ऽ | ਕ | ਲੈ | ऽ | ਕ | ਰ | ਹਿਓ | ऽ |
| ਰੁ | | | ਗੁ | | | | | | | ਨ਼ | |
| ਨ਼ | - | ਨ਼. | ਰੁ | - | ਰੁ | ਗੁ | - | ਰੁਨ਼ | ਸ | ਧੁ਼ | - |
| ਰਾ | ऽ | ਮ | ਨਾ | ऽ | ਮੁ | ਲੇ | ऽ | ਤऽ | ਹੀ | ऽ | ऽ |
| | | | ਗੁ | | | | | | | | |
| ਧੁ਼ | ਗੁ | ਰੁ | ਰੁ | ਗੁ | ਰੁ | ਸ | - | ਪ | ਮਂ | - | ਧੁ |
| ਪ | ਤਿ | ऽ | ਤ | ऽ | ਪ | ਵਿ | ऽ | ਤ | ਭ | ऽ | ਏ |
| ਧੁਮਂ | - | ਗੁ | ਗੁਮਂ | ਧੁਨ | ਧੁ | ਮਂ | ਗੁ | ਰੁ | ਸ | - | - |
| ਰਾऽ | ऽ | ऽ | ਮऽ | ऽऽ | ਕ | ਹ | ऽ | ਤ | ਹੀ | ऽ | ऽ |
| *ਅੰਤਰਾ* | | | | | | | | | | | |
| | | | | | | ਨ | | | | | |
| ਮਂ | ਗ | ਮਂ | ਮਂ | ਧੁ | ਧੁ | ਸਂ | - | ਸਂ | ਸਂ | - | ਸਂ |
| ਰਾ | ऽ | ਮ | ਸੰ | ऽ | ਗਿ | ਨਾ | ऽ | ਮ | ਦੇ | ऽ | ਵ |
| ਨ | | | | ਗੁਂ | | | | | | | |
| ਧੁ | ਧੁ | ਨ | ਸਂ | ਰੁਂ | ਰੁਂ | ਗੁਂ | ਰੁਂ | ਸਂ | ਸਂ | - | ਸਂ |
| ਜ | ਨ | ऽ | ਕਉ | ऽ | ਪ੍ਰ | ਤ | ऽ | ਗਿਆ | ਆ | ऽ | ਈ |
| | | | | | | | | | ਨ | | |
| ਗੁਂ | ਰੁਂ | ਸਂ | ਸਂ | - | - | ਨ | ਸਂ | ਰੁਂਸਂ | ਧੁ | ਧੁ | - |
| ਏ | ਕਾ | ਦ | ਸੀ | ऽ | ऽ | ਬ੍ਰ | ऽ | ਤ੍ਰऽ | ਰ | ਹੈ | ऽ |
| | | | | | | ਧੁ | | | | | |
| ਧੁ | ਨ | ਧੁਪ | ਮਂ | ਧੁ | ਨ | ਮਂ | ਗੁ | ਰੁ | ਗੁ | ਰੁ | ਸ |
| ਕਾ | ऽ | ਹੇऽ | ਕਉ | ऽ | ਤੀ | ਰ | ਥ | ऽ | ਜਾ | ऽ | ਈ |

*ਰਾਗ ਬਿਹਾਗੜਾ*

ਆਰੋਹ : ਨ਼ ਸ ਗ ਮ ਪ ਨ ਸਂ। ਅਵਰੋਹ : ਸਂ ਨ ਧ ਪ, ਨੁ ਧ ਪ, ਧ ਗ ਮ ਗ, $^{ਮ}$ਸ।
ਥਾਟ : ਬਿਲਾਵਲ ਜਾਤੀ : ਓਡਵ ਸੰਪੂਰਣ। ਮ ਨ ਦੋਵੇਂ। ਸਮਾਂ : ਰਾਤ ਦਾ ਦੂਜਾ ਪਹਿਰ। ਵਾਦੀ : 'ਗ'
ਸੰਵਾਦੀ : 'ਨ' ਪਕੜ : ਨੁ ਧ ਪ, ਧ ਗਮਗ, $^{ਮ}$ਸ।

ਰਾਗ ਬਿਹਾਗੜਾ, ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | ਸਮ | ਗ | ਮ | ਪ | - | ਨ | - |
| | | | | | | | | | ਪ੍ਰਗ | ਟੇ | ਗੁ | ਪਾ | ऽ | ਲ | ਗੋ |
| ਪਨ | ਸਂ | ਨ | ਧ | ਪ | - | ਧਨੁ | ਧਨੁ | ਪ | ਮ | ਗ | ਮ | ਪ | ਧ | ਪ | ਮਪ |
| ਬਿੰਦ | ऽ | ऽ | ਦ | ਲਾ | ऽ | ਲ | ਨ | ऽ | ਕ | ਵ | ਨ | ਰ | ਸ਼ | ਨਾ | ऽ |
| ਗ | - | - | ਮ | ਗ | - | $^{ਮ}$ਸ | ਸ | - | | | | | | | |
| ਗੁ | ਣ | ऽ | ਭ | ਨਾ | ऽ | ऽ | ऽ | ऽ | | | | | | | |
| *ਅੰਤਰਾ* | | | | | | | | | ਗਮ | ਗ | ਮ | ਪ | ਪ | ਨ | ਨ |
| | | | | | | | | | ਸਫ | ਲਾ | ਸੁ | ਦਿ | ਨ | ਸ | ਰੈ |
| ਪਨ | ਸਂ | - | - | ਨ | - | ਸਂ | - | - | ਪ | ਪ | ਨ | ਨ | - | ਧ | ਨ |
| ਣੇ | ऽ | ऽ | ਸੁ | ਹਾ | ऽ | ਵੀ | ऽ | ऽ | ਅ | ਨ | ਦ | ਮੰ | ਗ | ਲ | ऽ |
| ਪਨ | ਸਂ | - | - | ਨਧ | ਨ | ਧ | ਪ | - | | | | | | | |
| ਰऽ | ਸੁ | ऽ | ਘ | ਨਾ | ऽ | ऽ | ऽ | ऽ | | | | | | | |
| x | | | | 2 | | | | 0 | | | | 3 | | | |

ਰਾਗ ਬਿਹਾਗੜਾ, ਤਿੰਨ ਤਾਲ, ਮਧਯ ਲਯ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | ਗ | ਗ | ਮ | ਪ | ਪ | ਨ | ਨ |
| | | | | | | | | | ਅ | ਤਿ | ਪ੍ਰੀ | ਤ | ਮ | ਮ | ਨ |
| ਧਨ | ਸਂ | ਨ | ਧ | ਪ | - | ਪ | ਧ | ਪਧ | ਨੁ | ਧ | ਪ | ਪ | ਮ | ਗ | ਮ਼ |
| ਮੋऽ | ऽ | ऽ | ਹ | ਨਾ | ऽ | ਘ | ਟ | ਸੋऽ | ऽ | ऽ | ਹ | ਨਾ | ਪ੍ਰਾ | ਨ | ਅ |
| ਗਮ | ਪਧ | ਪ | ਮ | ਗਮ | ਗਰ | ਸਂਨ | ਸ | ਸ | ਗ | ਗ | ਮੇ | ਪ | ਮ | ਗ | ਮ |
| ਧਾ | ऽऽ | ਰਾ | ऽ | ਰਾऽ | ऽऽ | ऽऽ | ऽ | ਮ | ਸੁੰ | ਦ | ਰ | ਸੋ | ऽ | ਭਾ | ऽ |
| ਗ | - | - | ਮ | ਮਗ | ਗਰ | ਸਨ਼ | ਸ | ਸ | ਗ | ਗ | ਮੇ | ਪ | ਮੇ | ਗ | ਮ |
| ਲਾ | ऽ | ऽ | ऽ | ऽ | ऽऽ | ऽ | ऽ | ਲ | ਸੁੰ | ਦ | ਰ | ਸੋ | ऽ | ਭਾ | ऽ |
| - | ਗ | ਗ | ਮ | ਪ | - | ਨ | ਨ | ਧਨ | ਸਂ | ਨ | ਧ | ਪ | ਮ | ਗ | ਮ |
| ऽ | ਲਾ | ਲ | ਗੋ | ਪਾ | ऽ | ਲ | ਦ | ਇਆऽ | ऽ | ऽ | ਲ | ਕੀ | ਅਪ | ਰ | ਅ |
| ਮਗ | ਪਧ | ਪ | ਮ | ਗਮ | ਗਰ | ਸਨ਼ | ਸ | ਸ | | | | | | | |
| ਪਾऽ | ऽऽ | ਰਾ | ऽ | ਰਾऽ | ऽऽ | ऽ | ऽ | ਮ | | | | | | | |
| x | | | | 2 | | | | 0 | | | | 3 | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਅੰਤਰਾ | | | | | | | | ਗ | ਗ | ਗ | ਮ | ਪ | - | ਨ | ਨ |
| | | | | | | | | ਗੋ | ਪਾ | ਲ | ਦ | ਇਆ | ऽ | ਲ | ਗੋ |
| | | | | | | | | | ਧ | | | | | | |
| ਸ | - | - | ਸਂ | ਸਂ | - | ਸਂ | ਸਂ | - | ਨ | ਨ | - | ਨ | - | ਧ | ਨ |
| ਬਿ | ऽ | ऽ | ਦ | ਲਾ | ऽ | ਲ | ਨ | ऽ | ਮਿ | ਲਹੁ | ऽ | ਕੰ | ऽ | ਤ. | .ਨਿ |
| ਧਨ | ਸਂ | - | ਨ | ਧ | ਨ | ਪ | - | - | ਗ | - | ਮੇ | ਪ | ਮੇ | ਗ | ਮ |
| ਮਾऽ | ऽ | ऽ | ਣਿ | ਆ | ऽ | ऽ | ऽ | ऽ | ਨੈ | ऽ | ਨ | ਤ | ਰ | ਸ | ਨ |
| ਗ | ਗ | - | ਮ | ਗਮ | ਗਰ | ਸਨ਼ | ਸ | ਸ | ਗ | - | ਮ | ਪ | - | ਨ | ਨ |
| ਦ | ਰ | ऽ | ਸ | ਪऽ | ऽऽ | ਸऽ | ਨ | ਨਹ | ਨੀ | ऽ | ਦ | ਰੈ | ऽ | ਣਿ | ਵਿ |
| ਧਨ | ਸਂ | ਨ | ਧ | ਪਮ | ਗਰ | ਸਨ਼ | ਸ | - | | | | | | | |
| ਹਾऽ | ऽ | ऽ | ਣੀ | ਆऽ | ऽऽ | ऽऽ | ऽ | ऽ | | | | | | | |
| x | | | | 2 | | | | 0 | | | | 3 | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਕਉਨ ਕੋ ਕਲੰਕ ਰਹਿਓ ਰਾਮ ਨਾਮੁ ਲੇਤ ਹੀ ॥ | Who, that utters the Lord's Name retains the stain of sin? | ਸੁਆਮੀ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਕੀਹਦਾ ਕੋਈ ਪਾਪ ਦਾ ਦਾਗ ਬਾਕੀ ਰਹਿ ਜਾਂਦਾ ਹੈ? |
| ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ | The sinners become pure by uttering the Lord's Name. | ਸਾਂਈ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਪਾਪੀ ਪਵਿੱਤਰ ਹੋ ਜਾਂਦੇ ਹਨ। |
| ਰਹਾਉ ॥ | Pouse. | ਠਹਿਰਾਉ। |
| ਰਾਮ ਸੰਗਿ ਨਾਮ ਦੇਵ ਜਨ ਕਉ ਪ੍ਰਤਗਿਆ ਆਈ ॥ | In the company of the Lord, slave Namdev has acquired faith. | ਸਾਹਿਬ ਦੀ ਸੰਗਤ ਅੰਦਰ ਗੋਲੇ ਨਾਮ ਦੇਵ ਦਾ ਭਰੋਸਾ ਬੱਝ ਗਿਆ ਹੈ। |
| ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ॥੧॥ | He has ceased to fast on the eleventh lunar day and why should he go on pilgrimages to shrines? | ਉਸ ਨੇ ਚੰਦੋਂ ਗਿਆਰ੍ਹਵੀਂ ਦਾ ਉਪਹਾਸ ਰੱਖਣਾ ਛਡ ਦਿੱਤਾ ਹੈ ਅਤੇ ਉਹ ਧਰਮ ਅਸਥਾਨਾਂ ਦੀਆਂ ਯਾਤਰਾ ਕਰਨ ਕਿਉਂ ਜਾਵੇ? |
| ਭਨਤਿ ਨਾਮ ਦੇਉ ਸੁਕ੍ਰਿਤ ਸੁਮਤਿ ਭਏ ॥ | Says Nam Dev, I have now become a man of good deeds and good thoughts. | ਨਾਮਦੇਵ ਜੀ ਆਂਖਦੇ ਹਨ, ਮੈਂ ਹੁਣ ਚੰਗੇ ਅਮਲਾਂ ਅਤੇ ਚੰਗੇ ਖ਼ਿਆਲਾਂ ਵਾਲਾ ਬੰਦਾ ਬਣ ਗਿਆ ਹਾਂ। |
| ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥ | Who and which have not gone to heaven by uttering the Lord's Name, under Guru's instruction? | ਕੌਣ ਤੇ ਕਿਹੜੇ, ਗੁਰਾਂ ਦੀ ਸਿੱਖਿਆ ਤਾਬੇ ਸਾਹਿਬ ਦੇ ਨਾਮ ਦਾ ਉਚਾਰਨ ਕਰਨ ਦੁਆਰਾ ਬ੍ਹਿਮਲੋਕ ਨਹੀਂ ਪਧਾਰੇ। |

---

| | | |
|---|---|---|
| ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥ | By the saints grace, I have obtained the Lord God. | ਸਾਧੂਆਂ ਦੀ ਦਇਆ ਦੁਆਰਾ ਮੈਂ ਸੁਆਮੀ ਵਾਹਿਗੁਰੂ ਨੂੰ ਪਾ ਲਿਆ ਹੈ। |
| ਇਛ ਪੁੰਨੀ ਮਨਿ ਸਾਂਤਿ ਤਪਤਿ ਬੁਝਾਇਆ ਰਾਮ ॥ | My desire is fulfilled, my mind is cooled and the fire within me is quenched. | ਮੇਰੀ ਖ਼ਾਹਿਸ਼ ਪੂਰੀ ਹੋ ਗਈ ਹੈ, ਮੇਰਾ ਮਨੂਆ ਠੰਢਾ ਠਾਰ ਹੋ ਗਿਆ ਹੈ ਤੇ ਮੇਰੇ ਅੰਦਰ ਦੀ ਅੱਗ ਬੁਝ ਗਈ ਹੈ। |

| | | |
|---|---|---|
| ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥ ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥ | Fruitful is the day, delightful the night and many are the joys, rejoicings and the pleasures, when the beloved Lord Master becomes manifest. With what tongue can I narrate His excellences? | ਫਲਦਾਇਕ ਹੈ ਉਹ ਦਿਹਾੜਾ, ਸ਼ੋਭਨੀਕ ਉਹ ਰਾਤ ਅਤੇ ਘਣੇਰੀਆਂ ਹਨ ਖੁਸ਼ੀਆਂ, ਮਲ੍ਹਾਰ ਅਤੇ ਰੰਗਰਲੀਆਂ, ਜਦ ਪ੍ਰੀਤਮ ਪ੍ਰਭੂ ਪ੍ਰਮੇਸ਼ਰ ਆ ਪ੍ਰਕਾਸ਼ਦਾ ਹੈ। ਕਿਹੜੀ ਜੀਭ ਨਾਲ ਮੈਂ ਉਸ ਦੀਆਂ ਬਜ਼ੁਰਗੀਆਂ ਵਰਨਣ ਕਰ ਸਕਦੀ ਹਾਂ? |
| ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥ | My doubt, avarice, worldly attachment and wickedness are stilled and meeting my mates I sing songs of joy. | ਮੇਰਾ ਸੰਦੇਹ, ਲਾਲਚ, ਸੰਸਾਰੀ ਮਮਤਾ ਅਤੇ ਐਬ ਮਿਟ ਗਏ ਹਨ ਅਤੇ ਆਪਣੀਆਂ ਸਹੇਲੀਆਂ ਨੂੰ ਮਿਲ ਕੈ ਮੈਂ ਖੁਸ਼ੀ ਦੇ ਗੀਤ ਗਾਉਂਦੀ ਹਾਂ। |
| ਨਾਨਕੁ ਪਾਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗ ਮਿਲਾਇਆ ॥੪॥੨॥ | Says Nanak, I dwell upon the Saint-Guru, who has effected my union with the Lord God. | ਗੁਰੂ ਜੀ ਆਖਦੇ ਹਨ, ਮੈਂ ਸਾਧੂ ਗੁਰਾਂ ਦਾ ਸਿਮਰਨ ਕਰਦਾ ਹਾਂ ਜਿਨ੍ਹਾਂ ਨੇ ਸੁਆਮੀ ਵਾਹਿਗੁਰੂ ਨਾਲ ਮੇਰਾ ਮਿਲਾਪ ਬਣਾ ਦਿੱਤਾ ਹੈ। |

| | | |
|---|---|---|
| **ਰਾਗੁ ਬਿਹਾਗੜਾ ਮਹਲਾ ੫ ॥** | **Rag Bihagra 5th Guru.** | **ਰਾਗ ਬਿਹਾਗੜਾ ਪੰਜਵੀਂ ਪਾਤਿਸ਼ਾਹੀ।** |
| ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥ | Fascinating Lord, the ornament of soul and the support of life, is supremely dear unto me. | ਚਿਤ ਨੂੰ ਚੁਰਾਉਣ ਵਾਲਾ, ਆਤਮਾ ਦਾ ਗਹਿਣਾ ਅਤੇ ਜੀਵਨ ਦਾ ਆਸਰਾ ਸੁਆਮੀ ਮੈਨੂੰ ਪਰਮ ਪਿਆਰਾ ਲੱਗਦਾ ਹੈ। |
| ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਆਪਰਾ ਰਾਮ ॥ | Beautiful is the glory of the merciful and beloved Master who is yonder of the yond. | ਸੁਹਣੀ ਹੈ ਕੀਰਤੀ ਮਿਹਰਬਾਨ ਅਤੇ ਪਿਆਰੇ ਮਾਲਕ ਦੀ, ਜੋ ਪਰੇ ਤੋਂ ਪਰੇਡੇ ਹੈ। |
| ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ ॥ | O Thou the compassionate and beloved Lord Master, O my Spouse, meet Thou Thy meek bride. | ਤੂੰ ਹੇ ਮਿਹਰਬਾਨ ਅਤੇ ਮਿਠੜੇ ਪ੍ਰਭੂ ਪਰਮੇਸ਼ਰ! ਹੇ ਮੇਰੇ ਭਰਤੇ! ਤੂੰ ਆਪਣੀ ਮਸਕੀਨ ਨੂੰ ਦਰਸ਼ਨ ਦੇ। |
| ਨੈਨ ਤਰਸਨ ਦਰਸ ਪਰਸਨ ਨਹ ਨੀਂਦ ਰੈਣਿ ਵਿਹਾਣੀਆ ॥ | Mine eyes long for seeing Thy sight. The night rolls on, but I can sleep not. | ਮੇਰੀਆਂ ਅੱਖਾਂ ਤੇਰੀ ਦੀਦਾਰ ਦੇਖਣ ਨੂੰ ਲੋਚਦੀਆਂ ਹਨ। ਰਾਤ ਬੀਤਦੀ ਜਾਂਦੀ ਹੈ, ਪਰ ਮੈਨੂੰ ਨੀਂਦਰ ਨਹੀਂ ਪੈਂਦੀ। |
| ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ | I have applied the collyrium of gnosis to my eyes and have made God's Name my victual. Thus are all my decorations done. | ਮੈਂ ਬ੍ਰਹਮ-ਗਿਆਨ ਦਾ ਸੁਰਮਾ ਆਪਣੀਆਂ ਅੱਖਾਂ ਵਿਚ ਪਾਇਆ ਹੈ ਅਤੇ ਰੱਬ ਦੇ ਨਾਮ ਨੂੰ ਆਪਣਾ ਭੋਜਨ ਬਣਾਇਆ ਹੈ। ਇਸ ਤਰ੍ਹਾਂ ਮੇਰੇ ਸਾਰੇ ਹਾਰ-ਸ਼ਿੰਗਾਰ ਲਗ ਗਏ ਹਨ। |
| ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥ | Says Nanak, that he remebers and supplicates the Saint-Guru, to unite him with his Spouse. | ਨਾਨਕ ਆਖਦਾ ਹੈ, ਕਿ ਉਹ ਸਾਧੂ ਗੁਰਾਂ ਨੂੰ ਸਿਮਰਦਾ ਤੇ ਬੇਨਤੀ ਕਰਦਾ ਹੈ ਕਿ ਉਹ ਉਸ ਨੂੰ ਉਸ ਦੇ ਭਰਤੇ ਨਾਲ ਮਿਲਾ ਦੇਣ। |

